
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਨੈਣਾਂ ਦੇਵੀ ਲਾਗੇ ਇਕ ਹਰਿਆਵਲੀ ਚੋਟੀ

ਅਕਤੂਬਰ ੧੯੭੫ Oct. 1975



[ਪਿਛੇ ਦਰਿਆ ਸਤਲੁਦਰ (ਸਤਲੁਜ)]

ਇਥੇ ਦਸਮੇਸ਼ ਪਿਤਾ ਜੀ ਨੇ ਖ਼ਾਲਸੇ ਦੀ ਸਿਰਜਨਾ ਤੋਂ ਪਹਿਲਾਂ ਦੀਰਘ ਚਿੰਤਨ ਕੀਤਾ।

www.AKJ.Org

# ਤਤਕਰਾ


| | | |
|---|---|---|
| ਐ ਸਾਕੀਏ ਰੰਗੀਨ | ਭਾਈ ਸਾਹਿਬ ਨੰਦ ਲਾਲ ਜੀ | ੧ |
| ਧਰਮਰਾਇ ਦੀ ਦਰਗਾਹ (੫) | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਮਨ ਦੇ ਤਰੰਗ | ,, ,, | ੬ |
| ਓ ਮੇਰੇ ਰੰਗ-ਰਤੜੇ ਮਾਹੀ (ਗਜ਼ਲ ਦਾ ਕਾਵਿ ਰੂਪ) | ਸ: ਵਿਧਾਤਾ ਸਿੰਘ ਜੀ ਤੀਰ | ੬ |
| ਕੀਰਤਨ ਹਜ਼ੂਰੀ | ਗਿ: ਹਰਬੰਸ ਸਿੰਘ ਜੀ, ਚੰਡੀਗੜ੍ਹ | ੭ |
| ਮੁਸੀਬਤ ਸਮੇਂ ਖ਼ਾਲਸਈ ਕਰਤੱਵ (੨) | ਸ: ਕਰਮ ਸਿੰਘ ਜੀ ਹਿਸਟੋਰੀਅਨ | ੧੧ |
| ਸ੍ਰੀ ਗੁਰੂ ਗ੍ਰੰਥ ਸਾਹਿਬ—ਸੱਚੇ ਗੁਰਦੇਵ | ਪ੍ਰਿੰਸੀਪਲ ਹਰਿਭਜਨ ਸਿੰਘ ਜੀ | ੧੬ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਮਨੁੱਖ | ਪ੍ਰਿੰਸੀਪਲ ਇੰਦਰ ਕੌਰ ਜੀ | ੨੦ |
| ਯਾਦ ਦੀ ਠੰਢਕ (ਕਵਿਤਾ) | ਬੀਬੀ ਇੰਦਰਜੀਤ ਕੌਰ ਜੀ, ਕਾਨਪੁਰ | ੨੪ |
| ਅਕਾਲ ਪੁਰਖ ਦੀ ਤੱਤ ਲਖਤਾ | ਭਾਈ ਸਾਹਿਬ ਰਣਧੀਰ ਸਿੰਘ ਜੀ | ੨੫ |
| ਸੰਤ ਅਤਰ ਸਿੰਘ ਜੀ ਤੇ ਸੰਤ ਬਾਬਾ ਸ਼ਾਮ ਸਿੰਘ ਜੀ | ਪ੍ਰੋਫੈਸਰ ਪ੍ਰਕਾਸ਼ ਸਿੰਘ ਜੀ | ੨੮ |
| ਰਾਣੀ ਚੰਦਰਕਲਾ ਜੀ | ਸ: ਵਰਿਆਮ ਸਿੰਘ ਜੀ, ਦਿਲੀ | ੩੧ |
| ਅਖੰਡਪਾਠ ਸੰਬੰਧੀ ਭੁਲੇਖਿਆਂ ਦਾ ਸਪੱਸ਼ਟੀਕਰਨ | 'ਸੂਰਾ' ਪਰਵਾਰ | ੩੫ |
| ਦਸਮੇਸ਼ ਜੀ ਦਾ ਪਾਵਨ ਕੰਘਾ ਤੇ ਉਸ ਵਿਚਲੇ ਕੇਸ | ਗਿ: ਗੁਰਬਚਨ ਸਿੰਘ ਜੀ | ੪੧ |
| ਸਿਖੀ ਸਿਦਕ ਦੀ ਅਨੂਪਮ ਮਿਸਾਲ | — | ੪੨ |


## ੧੯੭੫ ਵਿਚ ਗੁਰਪੁਰਬ

| | |
|---|---|
| ਗੁਰੂ ਰਾਮ ਦਾਸ ਜੀ ਅਵਤਾਰ ਧਾਰਿਆ | ੨੨ ਅਕਤੂਬਰ |
| ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਿਆਈ ਮਿਲੀ | ੨੮ ਅਕਤੂਬਰ |
| ਗੁਰੂ ਹਰਿ ਰਾਇ ਜੀ ਜੋਤੀ ਜੋਤਿ ਸਮਾਏ | ੨੯ ਅਕਤੂਬਰ |

## 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਸ: ਸਵਰਨ ਸਿੰਘ ਜੀ ਸਿਧਵਾਂ ਦੋਨਾ ਵਲੋਂ ਵੀਰ ਗੁਰਦੇਵ ਸਿੰਘ ਦੇ ਅਨੰਦ ਕਾਰਜ ਸਮੇਂ | ੪੦-੦੦ |
| ਇਕ ਗੁਪਤ ਪ੍ਰੇਮੀ ਜੀ ਕੋਟਾ ਵਲੋਂ ਚੜ੍ਹਦੀ ਕਲਾ ਲਈ | ੫-੦੦ |
| ਸ: ਸਤਨਾਮ ਸਿੰਘ ਜੀ ਕਾਲਾ ਕੋਟ (ਜੰਮੂ ਕਸ਼ਮੀਰ) ਵਲੋਂ | ੫-੦੦ |
| ਸ: ਦਯਾ ਸਿੰਘ ਜੀ ਬੀਰ ਖੁਰਾਣਾ, ਪਿਤਾ ਜੀ ਦੀ ਅਠਵੀਂ ਬਰਸੀ ਸਮੇਂ | ੫-੦੦ |
| ਭਾਈ ਥਾਨ ਸਿੰਘ ਜੀ ਗ੍ਰੰਥੀ, ਸੋਲਖੀਆਂ (ਰੋਪੜ) ਵਲੋਂ | ੯-੦੦ |
| ਸ: ਅਬਿਨਾਸ਼ ਸਿੰਘ ਜੀ, ਮੋਰੇਹ (ਮਨੀਪੁਰ, ਵਲੋਂ | ੩-੦੦ |
| ਸ: ਪ੍ਰੀਤਮ ਸਿੰਘ ਜੀ ਸੇਠੀ ਸ਼ਿਮਲਾ ਵਲੋਂ ਗੁਰਮਤਿ ਪਰਚਾਰ ਹਿਤ | ੧੧-੦੦ |
| ਸ: ਇੰਦਰ ਸਿੰਘ ਜੀ, ਸ਼ਿਮਲਾ ਵਲੋਂ ਬੀਬੀ ਇੰਦਰਜੀਤ ਕੌਰ ਦੇ ਅਨੰਦ ਕਾਰਜ ਸਮੇਂ | ੩੧—੦੦ |

ਸਤਿਗੁਰੂ ਪਾਤਿਸ਼ਾਹ ਸਰਬਤ ਨੂੰ ਗੁਰਸਿਖੀ ਜੀਵਨ, ਚੜ੍ਹਦੀ ਕਲਾ ਤੇ ਸਚੀ ਸੁਚੀ ਪ੍ਰੀਤ ਬਖਸ਼ਣ ।


ਰਿਊਲ ਫ਼ਾਈਨ ਪ੍ਰਿੰਟਰਜ਼, ਹਾਥੀਖਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ ।

ਟੈਲੀਫੋਨ ਨੰਬਰ 51847


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹਿ ॥

# ਸੂਰਾ

ਮਾਸਕ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ ੮–੦੦
ਇਕ ਪਰਚਾ ੦–੭੫

**ਪਰਦੇਸ**

ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ
ਮਲਾਇਆ ਆਦਿ ਦੋ ਪੌਂਡ
ਯੂ. ਕੇ. ਆਦਿ ਢਾਈ ਪੌਂਡ
ਅਮਰੀਕਾ, ਕੈਨੇਡਾ ੮ ਡਾਲਰ

ਐਡੀਟਰ
ਗਿ: ਜਸਵੰਤ ਸਿੰਘ
ਬੀ.ਏ., ਬੀ.ਟੀ.

**ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ**

ਜਿਲਦ ੯ ਅਕਤੂਬਰ ੧੯੭੫ ਅੰਕ ੧੦


## ਐ ਸਾਕੀਏ ਰੰਗੀਨ

ਬਯਾ, ਐ ਸਾਕੀਏ ਰੰਗੀਨ ਜ਼ਿ ਮੈ ਪੁਰ ਕੁਨ ਅੱਯਾਗ ਈਂ ਜਾ ॥
ਨਸ਼ਾ-ਇ ਲਾਲਿ ਮੈ ਗੂਨਤ ਜ਼ਿ ਹੱਕ ਬਖ਼ਸ਼ਦ ਸੁਰਾਗ ਈਂ ਜਾ ॥ ੧ ॥

ਅਨਲਹੱਕ ਅਜ਼ ਲਬਿ ਮਨਸੂਰ, ਗਰਚੂੰ ਸ਼ੀਸ਼ਾ ਕੁਲਕੁਲ ਕਰਦ ॥
ਕਿ ਆਰਦ ਤਾਬਿ ਈਂ ਸਹਬਾ, ਕੁਜਾ ਜਾਮਿ ਦਿਮਾਗ ਈਂ ॥ ੨ ॥

ਜਹਾਂ ਤਾਰੀਕ ਸ਼ੁਦ, ਜਾਨਾਂ ਬਰ ਅਫਰੋਜ਼ ਈਂ ਕੱਦਿ ਰਾਅਨਾ ॥
ਨੁਮਾ ਰੁਖ਼ਸਾਰਾ-ਇ ਤਾਬਾਂ ਕਿ ਮੇ-ਬਾਂਯਦ ਚਰਾਗ ਈਂ ਜਾ ॥ ੩ ॥

ਬਾ-ਈਂ ਯਕਦਮ ਕਿ ਯਾਦ ਆਈ, ਤਵਾਂ ਉਮਰੇ ਬਸਰ ਬੁਰਦਨ ॥
ਅਗਰ ਯਕਦਮ ਕਸੇ ਯਾਬਦ, ਬਸ਼ੌਕਿ ਹੱਕ ਫ਼ਰਾਗ ਈਂ ਜਾ ॥ ੪ ॥

ਦੋ ਚਸ਼ਮਿ ਮਨ, ਕਿ ਦਰਯਾਏ ਅਜ਼ੀਮੁੱਸ਼ਾਨ ਬੱਵਦ ਗੋਇਆ ॥
ਜ਼ਿ ਹਰ ਅਸ਼ਕਮ, ਬੱਵਦ ਸ਼ਾਦਾਬੀਏ ਸਦ ਬਾਗ ਬਾਗ ਈਂ ਜਾ ॥ ੫ ॥

[ਭਾਈ ਨੰਦ ਲਾਲ ਜੀ, ਗ਼ਜ਼ਲ ੪

ਇਸ ਗ਼ਜ਼ਲ ਦਾ ਪੰਜਾਬੀ ਉਲਥਾ ਵੇਖੋ ਸਫ਼ਾ ੬ ਤੇ ।


ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ


www.AKJ.Org

# ਧਰਮਰਾਇ ਦੀ ਦਰਗਾਹ (੫)

[ ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਅਸੀਂ ਨਿਤਾਪ੍ਰਤੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੇ ਹਾਂ । ਪਰ ਕਦੇ ਕਿਤੇ ਸਿਖ ਨੇ ਵੀਚਾਰਿਆ ਹੈ ਤੇ ਕਦੇ ਕਿਸੇ ਸਿਖ ਦਾ ਇਸ ਗੁਰ-ਦਰਸਾਏ ਹੱਕ-ਹਕੰਨੇ ਦ੍ਰਿਸ਼ਯ ਉਤੇ ਯਕੀਨ ਅਮੰਨਾ ਆਇਆ ਹੈ, ਜੋ ਕਿ ਅਨਿੰਨ ਗੁਰਸਿੱਖਾਂ ਦੇ ਸਿਦਕ ਦਾ ਮਖ਼ਜ਼ਨ ਹੈ । ਯਥਾ :—

ਕਈ ਕੋਟਿ ਪਵਣ ਪਾਣੀ ਬੈਸੰਤਰ ॥
ਕਈ ਕੋਟਿ ਦੇਸ ਭੂ ਮੰਡਲ ॥ ਕਈ ਕੋਟਿ
ਸਸੀਅਰ ਸੂਰ ਨਖੵਤ੍ਰ ॥ ਕਈ ਕੋਟਿ ਦੇਵ
ਦਾਨਵ ਇੰਦ੍ਰ ਸਿਰਿ ਛਤ੍ਰ ॥

ਇਹ ਗਲ ਸਚ ਹਕੀਕਤ ਹੈ ਕਿ ਵਾਹਿਗੁਰੂ ਦੀ ਰਚਨਾ ਵਿਖੇ ਖ਼ੁਦਾ ਦੀ ਖ਼ੁਦਾਈ ਵਿਖੇ ਬੇਅੰਤ ਹੀ ਐਸੀਆਂ ਰਚਨਾਵਾਂ ਹਨ ਜਿਨ੍ਹਾਂ ਦਾ ਸਾਡੇ ਅਲ-ਪੱਗ ਜੀਵਾਂ ਨੂੰ ਇਲਮ ਨਹੀਂ । ਅਲਪੱਗ ਸਾਇੰਸ-ਦਾਨਾਂ ਨੇ ਬਰਸਾਂ ਬੱਧੀ ਟਕਰਾਂ ਮਾਰ ਕੇ ਕੁਝ ਥੋੜ੍ਹੀਆਂ ਜਿਹੀਆਂ ਦਰਿਆਫਤਾਂ (ਡਿਸਕਵਰੀਆਂ) ਕੀਤੀਆਂ ਹਨ ਕਿ ਆਕਾਸ਼ ਵਿਖੇ ਇਸ ਧਰਤੀ ਦੀ ਨਿਆਈਂ ਹੋਰ ਭੀ ਧਰਤੀਆਂ ਹਨ, ਇਸ ਸੂਰਜ ਦੀ ਨਿਆਈਂ ਹੋਰ ਭੀ ਸੂਰਜ ਹਨ । ਪਰ ਅਜ ਤੋਂ ਪੰਜ ਸੋ ਸਾਲ ਪਹਿਲਾਂ ਜਦੋਂ ਕਿ ਸਾਇੰਸ ਅਤੇ ਸਾਇੰਸ-ਦਾਨਾਂ ਦੀਆਂ ਕਾਢਾਂ ਪ੍ਰਸਿਧ ਨਹੀਂ ਸਨ ਤਾਂ ਸਾਡੇ ਦਿਬ-ਦ੍ਰਿਸ਼ਟ, ਸਰਬਗਤਾ ਸ੍ਰਿਸ਼ਟ ਸਤਿਗੁਰਾਂ ਗੁਪਤੋਂ ਪ੍ਰਗਟਾਇ ਕੇ ਇਹ ਰਬਾਨੀ ਰਾਜ਼ ਫ਼ਾਸ਼ ਕੀਤੇ ਸਨ ਕਿ ਪਉਣ ਪਾਣੀ ਬੈਸੰਤਰ ਆਦਿ ਪੰਜ ਤੱਤਾਂ ਦੇ ਕੋਟਾਨ ਕੋਟਿ ਅਨਗਿਣਤ ਲਾ-ਇੰਨਤਹਾ ਮੁਹੀਤ ਵਾਲੇ ਸਫ਼ੀਅਰ (sfere) ਹਨ । ਅਸਾਡੀ ਇਸ ਇਕ ਮਾਤਰ ਭੂਮੀ (ਧਰਤੀ) ਸਾਰਖ਼ੇ ਕੋਟਾਨ-ਕੋਟਿ ਦੇਸ ਭੂ-ਮੰਡਲ ਹਨ । ਜਿਥੇ ਸਾਇੰਸਦਾਨਾਂ ਨੇ ਚੰਦ-ਇਕ ਸੂਰਜ ਸਿਤਾਰੇ ਚੰਦ ਤਾਰੇ ਡਿਸਕਵਰ (Discover) ਕੀਤੇ ਅਰਥਾਤ ਮਲੂਮ ਕੀਤੇ ਹਨ, ਅਤੇ ਅਜੇ ਵੀ ਸ਼ਸ਼ੋ-ਪੰਜ ਵਿਚ ਪਏ ਹੋਏ ਹਨ, ਤਿਥੇ ਅਸਾਡੇ ਤ੍ਰਿਕਾਲ-ਦ੍ਰਿਸ਼ਟੀ ਦੇ ਅਗੰਮ ਗਿਆਨ ਵਾਲੇ ਸਤਿਗੁਰਾਂ ਨੇ "ਕਈ ਕੋਟਿ ਸਸੀਅਰ ਸੂਰ ਨਖੵਤ੍ਰ" ਅਰਥਾਤ ਕਈ ਕੋਟੀ ਚੰਦ ਸੂਰਜ ਤਾਰਿਆਂ ਦਾ ਦਿਬ-ਦ੍ਰਿਸ਼ਟੀ ਦੁਆਰਾ ਦੇਖੇ ਹੋਏ ਦਾ ਸਬੂਤ ਦਿਤਾ ਹੈ । ਅੱਜ ਕਲ੍ਹ ਦੇ ਸਾਇੰਸਦਾਨ ਕੇਵਲ ਚੰਦ-ਇਕ ਉਦਾਹਰਣਾਂ ਦਿੰਦੇ ਹਨ ਤੇ ਬਾਕੀ ਕੇਵਲ ਅਨੁਮਾਨ ਲਾ ਕੇ ਹੀ ਇਹ ਕਹਿੰਦੇ ਹਨ ਕਿ ਇਹ ਜੋ ਅਨਗਿਣਤ ਤਾਰਾ-ਮੰਡਲ ਅਕਾਸ਼ ਉਤੇ ਦਿਸ ਰਿਹਾ ਹੈ, ਇਹ ਸਭ ਯਾ ਧਰਤੀਆਂ ਹਨ ਸਾਡੀ ਧਰਤੀ ਦੀ ਨਿਆਈਂ, ਯਾ ਤਾਰੇ ਸਿਤਾਰੇ ਹਨ । ਇਨ੍ਹਾਂ ਵਿਚ ਕਈ ਸੂਰਜ ਭੀ ਹਨ । ਇਹ ਤਾਂ ਉਹਨਾਂ ਦਾ ਦੂਰਬੀਨ ਦੇ ਆਲੇ ਨਾਲ ਤੱਕ ਕੇ ਪਰੀਖਿਆ ਅਨੁਮਾਨ ਹੀ ਹੈ । ਪ੍ਰੰਤੂ ਅਸਾਡੇ ਦੂਰਬੀਨ ਭੂਤ ਭਵਿੱਖ ਭਵਾਨ ਕਲਾ ਦੇ ਗਿਆਨ ਪ੍ਰਬੀਨ ਸਤਿਗੁਰਾਂ ਨੇ ਜੋ ਕੋਟਾਨ ਕੋਟ ਸੂਰਜ ਚੰਦ ਤਾਰੇ ਦਸੇ ਹਨ, ਇਹ ਸਭ ਸੱਚੀਆਂ ਅੱਖੀਂ ਦੇਖੀਆਂ ਗੱਲਾਂ ਹਨ, "ਨਾਮੁ ਜਪਤ ਕੋਟਿ ਸੂਰ ਉਜਿਆਰਾ" ਦੀਆਂ । ਅੱਜ ਕਮਾਈਆਂ ਵਾਲਿਆਂ ਗੁਰਮੁਖਾਂ ਨੂੰ ਇਹ ਨਜ਼ਾਰੇ ਗੁਰੂ ਨਦਰਾਏ, ਗੁਰ ਦਰਜਾਏ ਪਰਗਟ ਪਹਾਰੇ ਨਜ਼ਰੀ ਆਉਂਦੇ ਹਨ । ਫ਼ਿਲਸਫ਼ਾਦਾਨਾਂ ਨੇ ਸਾਰਾ ਜ਼ੋਰ ਮਾਰ ਕੇ ਰਾਜਸ, ਤਾਮਸ, ਸਾਤਕ ਤਿੰਨ ਖਿਲਤਾਂ ਮਾਲੂਮ ਕੀਤੀਆਂ ਹਨ । ਗੁਰ-ਗੰਮ ਤੇ ਗੁਰ-ਗੰਮਤਾ ਵਾਲਾ ਗੁਰਮਤਿ ਗਿਆਨ ਸ੍ਰੀ ਸੁਖਮਨੀ ਵਿਖੇ ਦਰਸਾਇਆ ਹੋਇਆ ਸਾਫ਼ ਸਪੱਸ਼ਟਾਉਂਦਾ ਹੈ ਕਿ "ਕਈ ਕੋਟਿ ਰਾਜਸ ਤਾਮਸ ਸਾਤਕ" ਖਿਲਤਾਂ ਹਨ । ਜ਼ਮਾਨਾ ਸਲਫ਼ ਤੇ ਜ਼ਮਾਨਾ ਹਾਲ ਦੇ ਦੇਵਾਚਾਰੀ, ਸ਼ਾਸਤਰ-ਕਾਰੀ, ਪੁਰਾਨ-ਸਿਮ੍ਰਤਚਾਰੀ, ਇਹ ਦਸਦੇ ਆਏ ਹਨ ਅਤੇ ਦਸ ਰਹੇ ਹਨ ਕਿ ਚਾਰ ਵੇਦ ਅਠਾਰ੍ਹਾਂ ਪੁਰਾਣ ਅਤੇ ਚੰਦ ਹੀ ਸਿਮ੍ਰਤੀਆਂ, ਉਪਨਿਸ਼ਦਾਂ ਹਨ; ਪ੍ਰੰਤੂ ਅਸਾਡੇ ਧੁਰ-ਧੁਰੰਧਰੀ ਗਿਆਨ ਗੰਮਤਾ ਵਾਲੇ ਸਤਿਗੁਰਾਂ ਨੇ ਸਚ ਹੀ ਸਚ ਨਿਰਣਤ ਕੀਤਾ ਹੈ ਕਿ "ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ" ਹਨ । ਦੁਨੀਆ



www.AKJ.Org

ਦੀ ਭਾਲ ਕਰਨ ਵਾਲਿਆਂ ਨੇ ਸਿਰਫ਼ ਗਿਣਤੀ ਦੇ ਸਮੁੰਦਰ ਹੀ ਗਿਣੇ ਹਨ ਅਤੇ ਭਾਰਤ ਦੇ ਹੋ ਚੁੱਕੇ ਉਘੇ ਸਿਆਣਿਆਂ ਨੇ ਚੌਦਾਂ ਰਤਨ ਹੀ ਗਿਣੇ ਹਨ, ਪਰ ਅਸਾਡੇ ਸੁਰਤ-ਅਗੰਮੀ ਪਰਮ ਦਾਨੇ ਬੀਨੇ ਦਿੱਬ-ਦ੍ਰਿਸ਼ਟੀਨੇ ਸਤਿਗੁਰਾਂ ਨੇ ਦਸਿਆ ਹੈ ਕਿ ਸਿਰਜਨਹਾਰ ਕਰਤਾਰ ਦੀ ਅਪਾਰ ਰਚਨਾ ਵਿਚ "ਕਈ ਕੋਟਿ ਕੀਏ ਰਤਨ ਸਮੁੰਦ" ਹਨ। ਜਿਥੇ ਲੱਖ ਚਉਰਾਸੀਹ ਜੋਨੀ ਦਾ ਹੀ ਹੁਣ ਤਾਈਂ ਅਨੁਮਾਨੀ ਸਬੂਤ ਮਿਲਿਆ ਹੈ, ਤਿਥੇ 'ਕਈ ਕੋਟਿ ਨਾਨਾ ਪ੍ਰਕਾਰ ਜੰਤ' ਦਾ ਗੁਪਤ ਭੇਦ ਸਾਡੇ ਸਤਿਗੁਰਾਂ ਨੇ ਖੋਲ੍ਹਿਆ ਹੈ। ਕਈ ਕਰੋੜ ਚਿਰ-ਜੀਵੀਆਂ ਨੇ ਕਈ ਕਰੋੜ ਗਿਰੀ ਮੇਰ ਸਵਰਨਥੀਵੀਆਂ ਦੀ ਗੁਪਤ ਰਚਨਾ ਸਾਡੇ ਸਤਿਗੁਰਾਂ ਦੀ ਗਿਆਨ ਡਿਸਕਵਰੀ (ਖੋਜ) ਵਿਚ ਆਈ ਹੈ। ਆਮ ਲੋਕ ਭੂਤ, ਪ੍ਰੇਤ, ਜਖ, ਕਿੰਨਰ ਤੇ ਪਿਸਾਚਾਂ ਦੇ ਵਜੂਦ ਨੂੰ ਉੱਕਾ ਹੀ ਨਹੀਂ ਮੰਨਦੇ, ਪਰ ਸਤਿਗੁਰੂ-ਦ੍ਰਿੜਾਇਆ ਗੁਰਮਤਿ ਗਿਆਨ ਇਸ ਗੱਲ ਨੂੰ ਨਿਸਚੇ ਕਰਕੇ ਦ੍ਰਿੜ੍ਹ ਕਰਾਉਂਦਾ ਹੈ ਕਿ ਇਹ ਭੀ ਜੂਨੀਆਂ ਹਨ :—

ਕਈ ਕੋਟਿ ਜਖ੍ ਕਿੰਨਰ ਪਿਸਾਚ ॥
ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥

ਏਸ ਵਾਕ ਵਿਚ ਸੂਰਾਂ ਤੇ ਮ੍ਰਿਗਾਂ ਦੀ ਸ੍ਰੇਣੀ ਵਿਚ ਹੀ ਨਾਲ ਗਿਣਵੀਂ ਗਿਣਤੀ ਭੂਤ ਪ੍ਰੇਤ ਆਦਿ ਜੂਨੀਆਂ ਦੀ ਭੀ ਕਰ ਦਿਤੀ ਹੈ ਤੇ ਸਾਬਤ ਕੀਤਾ ਹੈ ਕਿ ਜਿਵੇਂ ਮ੍ਰਿਗਾਂ ਦੀ ਜੂਨੀ ਦੀ ਹੋਂਦ ਹੈ ਤਿਵੇਂ ਹੀ ਭੂਤਾਂ ਪ੍ਰੇਤਾਂ ਦੀ ਭੀ ਜੂਨੀ ਹੈ। ਮੁਸਲਮਾਨੀ ਹਦੀਸਾਂ ਨੇ ਅਕਾਸ਼ ਪਾਤਾਲ ਦੇ ਚਦ-ਇਕ ਗਿਣਵੇਂ ਮਿਣਵੇਂ ਤਬਕੇ ਹੀ ਦਸੇ, ਪਰ ਧੁਰੋਂ ਆਈ ਅਮੀਕ ਗਿਆਨ-ਗੰਮਤਾ ਵਾਲੀ ਗੁਰਬਾਣੀ ਨੇ :—

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਦੇ ਗੁਰ-ਗਿਆਨ ਦੇ ਭੇਦ ਦਾ ਇੰਕਸ਼ਾਫ਼ ਕੀਤਾ। ਤੇ ਏਨ੍ਹਾਂ ਲੱਖਾਂ ਪਾਤਾਲਾਂ ਵਿਚ "ਕਈ ਕੋਟਿ ਪਾਤਾਲ ਕੇ ਵਾਸੀ" ਦੇ ਗੁਰਵਾਕ ਅਨੁਸਾਰ ਉਥੇ ਕਰੋੜਾਂ ਹੀ ਰਹਿਣ ਵਾਲੇ ਭੀ ਜਣਾਏ। ਨਰਕ ਸੁਰਗ ਤੋਂ ਮੁਨਕਰ ਲੋਕਾਂ ਨੂੰ ਨਾ ਸਿਰਫ਼ ਅਨਗਿਣਤ ਨਰਕ ਸੁਰਗ ਕਰਤੇ ਦੀ ਕਾਇਨਾਤ ਅੰਦਰ ਰਚੇ ਹਏ ਸਿਧ ਕੀਤੇ, ਸਗੋਂ ਇਨ੍ਹਾਂ ਨਰਕਾਂ ਸੁਰਗਾਂ ਵਿਚ "ਕਈ ਕੋਟਿ ਨਰਕ ਸੁਰਗ ਨਿਵਾਸੀ" ਭੀ ਦ੍ਰਿਸ਼ਟਾਏ। ਬੜੇ ਬੜੇ ਸਿਆਣਿਆਂ ਨੇ ਚਾਰ ਖਾਣੀਆਂ ਤੇ ਖੰਡ ਹੀ ਦੱਸੇ ਹਨ, ਪਰ ਸਤਿਗੁਰੂ ਸਾਹਿਬਾਨ ਨੇ ਨਾ ਸਿਰਫ਼ "ਕਈ ਕੋਟਿ ਖਾਣੀ ਅਰੁ ਖੰਡ" ਹੀ ਸਿੱਧ ਕੀਤੇ ਬਲਕਿ "ਕਈ ਕੋਟਿ ਅਕਾਸ ਬ੍ਰਹਮੰਡ" ਭੀ ਸਿੱਧ ਕੀਤੇ।

ਸੋ ਗੁਰਸਿਖਾਂ ਨੂੰ ਸੱਚਾ ਭਰੋਸਾ ਤੇ ਈਮਾਨ ਲਿਆਉਣਾ ਚਾਹੀਦਾ ਹੈ ਕਿ ਅਕਾਲ ਪੁਰਖ ਦੇ ਵੈਰਾਟ ਰੂਪ ਵਿਚ ਨਾਨਾ ਪ੍ਰਕਾਰੀ ਅਦ੍ਰਿਸ਼ਟ ਰਚਨਾਵਾਂ ਦੀਆਂ ਹਸਤੀਆਂ ਹਨ, ਜਿਨ੍ਹਾਂ ਦੀ ਹੋਂਦ ਤੋਂ ਸਿਰ ਫੇਰਨਾ ਗੁਰੂ-ਦਰਸਾਈ ਤਤ-ਸਚਾਈ ਤੋਂ ਮੁਲਹਰਫ਼ ਹੋਣਾ ਹੈ, ਜੋ ਪਰਲੇ ਦਰਜੇ ਦੀ ਮਨਮੁੱਖਤਾ ਹੈ।

ਨਾਮ ਦੀ ਖੇਪ ਲਦ ਕੇ, ਗੁਰਸਿਖਾਂ, ਸੰਤਾਂ, ਭਗਤਾਂ ਦੀ ਸੰਗਤ ਸੰਗ ਮਿਲ ਕੇ ਤੇ ਸਦਾ ਮਿਲੇ ਰਹਿਣ ਕਰਕੇ ਜੀਵਨ ਧਨਤਾ ਯੋਗ ਹੋ ਜਾਂਦਾ ਹੈ। ਤੇ ਬਿਖਿਆ ਜੰਜਾਲ ਤੋਂ ਛੁਟਕਾਰਾ ਪਾ ਕੇ ਵਾਹਿਗੁਰੂ ਦੀ ਦਰਗਾਹ ਵਿਚ ਮੁਖ ਉਜਲਾ ਹੁੰਦਾ ਹੈ, ਯਥਾ ਗੁਰਵਾਕ :—

ਲਾਦਿ ਖੇਪ ਸੰਤਹ ਸੰਗਿ ਚਾਲੁ ॥
ਅਵਰ ਤਿਆਗਿ ਬਿਖਿਆ ਜੰਜਾਲ ॥
ਧੰਨਿ ਧੰਨਿ ਕਹੈ ਸਭੁ ਕੋਇ ॥
ਮੁਖ ਊਜਲ ਹਰਿ ਦਰਗਹ ਸੋਇ ॥
[ਸੁਖਮਨੀ ਸਾਹਿਬ

ਇਹ ਗੁਰੂ ਨਾਨਕ ਦਾ ਘਰ ਹੀ ਹੈ ਜੋ ਸਿਖ ਦਾ ਹਲਤ ਪਲਤ ਸੰਵਾਰਨ ਨੂੰ ਸਮਰਥ ਹੈ। ਇਸ ਧੁਰੋਂ ਨਿਵਾਜੇ ਘਰ ਅੰਦਰ ਅਵਤਰੇ ਸਤਿਗੁਰੂ ਹੀ ਸਚੇ ਸਤਿਗੁਰੂ ਹਨ। ਗੁਰੂ ਘਰ ਦੀ ਪ੍ਰਚਲਤ ਧੁਰ-ਧੁਰੰਧਰੀ ਮਰਯਾਦਾ ਅਨੁਸਾਰ ਅਜ ਦੇ ਸਮੇਂ ਅੰਮ੍ਰਿਤ ਛਕਣ ਸਮੇਂ ਹੀ ਸਤਿਗੁਰੂ ਧਾਰਨ ਕੀਤਾ ਜਾਂਦਾ ਹੈ ਤੇ ਨਿਗੁਰਿਉਂ ਸਗੁਰੇ ਬਣਿਆ ਜਾਂਦਾ ਹੈ। ਅੰਮ੍ਰਿਤ ਪ੍ਰਚਾਰ ਸਮੇਂ ਪੰਜਾਂ ਪਿਆਰਿਆਂ ਦੇ ਸਰੂਪ ਵਿਚ ਸਤਿਗੁਰੂ ਨਾਨਕ ਦਸਮੇਸ਼ ਜੀ ਪਰਤੱਖ ਹਾਜ਼ਰ ਹੁੰਦੇ ਹਨ। ਵਡਭਾਗਿਆਂ ਜਗਿਆਸੂਆਂ ਨੂੰ ਪਰਤੱਖ ਦਰਸ਼ਨ ਹੋ ਜਾਂਦੇ ਹਨ ਅਤੇ ਸਤਿਗੁਰੂ ਭੇਟਣ ਦਾ ਅਧਿਭੁਤ ਕ੍ਰਿਸ਼ਮਾ ਪਰਗਟ ਹੁੰਦਾ ਹੈ। ਸਤਿਗੁਰੂ ਦੇ



www.AKJ.Org

ਜੋਤਿ ਪਰਜੁਲਤੀ ਚਰਨ ਕਵਲ ਪਰਸਨ ਦਾ ਇਹ ਅਤਿਅੰਤ ਸ਼ੁਭ ਅਵਸਰ ਹੁੰਦਾ ਹੈ। ਸਚਖੰਡ ਦਰਸ਼ਨੀ ਦਰਸ਼ਨ, ਸਤਿਗੁਰੂ ਦਾ ਜੋਤਿ ਜਲਵਾਨੀ ਦਿਦਾਰਾ, ਸਤਿਗੁਰੂ ਦੀ ਦਿੱਬ ਜੋਤੀ ਮੂਰਤ ਦਾ ਅਪਰ ਅਪਾਰਾ ਹੁੰਦਾ ਹੈ। ਕਿਸੇ ਦੇਹਧਾਰੀ ਪਖੰਡੀ ਗੁਰੂ ਦਾ ਇਹ ਨਾਪਾਕ ਦਾਅਵਾ, ਕਿ ਦੇਹਧਾਰੀ ਗੁਰੂ ਧਾਰੇ ਬਿਨਾਂ ਸਿਖ ਦੀ ਗਤੀ ਨਹੀਂ ਹੁੰਦੀ, ਐਵੇਂ ਰਸਮ-ਪੂਰਤੀ ਹੀ ਹੈ। ਗਤੀ ਕੀ ਹੋਣੀ ਸੀ, ਨਿਗੁਰੇ ਗੁਰੂ ਕਿਸੇ ਦੀ ਕੀ ਗਤੀ ਕਰ ਸਕਦੇ ਹਨ। ਗੁਰਮਤਿ ਅੰਮ੍ਰਿਤ-ਸਿੰਚਾਰ ਸੱਚੀ ਤੱਤ-ਮਰਯਾਦਾ ਅਨੁਸਾਰ ਹੀ ਗੁਰੂ ਧਾਰਿਆ ਜਾ ਸਕਦਾ ਹੈ। ਇਸ ਬਿਧ ਹੀ ਸਤਿਗੁਰੂ ਸਿੱਖ ਦਾ ਹਲਤ ਪਲਤ ਸਵਾਰਦਾ ਹੈ। ਆਪਣੇ ਜੀਅ ਨਾਲ ਸੰਮਾਲਦਾ ਹੈ ਅਤੇ ਸਫਲ ਦਰਸ਼ਨ ਦੇ ਕੇ ਸਿੱਖਾਂ ਨੂੰ ਪੁਨੀਤ ਕਰਦਾ ਹੈ। ਗੁਰੂ ਦੇ ਚਰਨ ਪਰਸਨ ਦੀ ਨਿਰਮਲ ਰੀਤ ਹੀ ਏਸ ਗੁਰਮਤਿ-ਅੰਮ੍ਰਿਤ-ਸਿੰਚਾਰਨੀ ਮਰਯਾਦਾ ਅੰਦਰ ਉਦੀਪਤ (ਪ੍ਰਗਟ) ਹੋ ਜਾਂਦੀ ਹੈ। ਅਜਿਹੇ ਚਰਨ-ਕਮਲ ਪਰਸਨ-ਹਾਰਿਆਂ, ਗੁਰ-ਸਨਮੁਖ ਦੀਦਾਰ-ਦੀਦਾਰੀਆਂ ਦਾ ਸੰਗ ਕਰਿ ਹੀ, ਰਾਮ ਗੁਣ ਰਵਾਨ ਹੁੰਦੇ ਹਨ ਅਤੇ ਪਾਰਬ੍ਰਹਮ ਦੀ ਦਰਗਾਹ ਗਵਨ ਹੁੰਦਾ ਹੈ। ਯਥਾ ਗੁਰਵਾਕ :—

ਸਤਿਗੁਰ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ
ਸਮਾਰੈ ॥...ਸਫਲ ਦਰਸਨੁ ਪੇਖਤ ਪੁਨੀਤ ॥
ਪਰਸਤ ਚਰਨ ਗਤਿ ਨਿਰਮਲ ਰੀਤਿ ॥ ਭੇਟਤ
ਸੰਗਿ ਰਾਮ ਗੁਨ ਰਵੇ ॥ ਪਾਰਬ੍ਰਹਮ ਕੀ
ਦਰਗਹ ਗਵੇ ॥ [ਸੁਖਮਨੀ ਅਸਟਪਦੀ ੧੮

ਨਿਧਾਨਾਂ ਸਿਰ ਨਿਧਾਨ ਗੁਰਮਤਿ ਨਾਮ ਹੈ, ਜਿਸ ਦੇ ਜਪਣ ਕਰਕੇ ਦਰਗਹ ਵਿਚ ਪ੍ਰਵਾਨ ਹੋਈਦਾ ਹੈ। ਗੁਰੂ ਨਾਨਕ ਸਾਹਿਬ ਸਾਖਾ ਭਰਦੇ ਹਨ :—

ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥
ਜਪਿ ਨਾਨਕ ਦਰਗਹਿ ਪਰਵਾਨੁ ॥

ਨਾਮ ਨਿਧਾਨ ਰੂਪੀ ਪੂੰਜੀ ਸੰਚਨ ਕੀਤਿਆਂ ਹੀ ਦਰਗਹ ਵਾਲੀ ਸੱਚੀ ਖੇਪ ਲੱਦੀ ਦੀ ਹੈ, ਜਿਸ ਕਰਕੇ ਦੁਨੀਆ ਵਿਚ ਸਚਾ ਸੁਖ ਮਿਲਦਾ ਹੈ ਅਤੇ ਅੱਗੇ ਇਸ ਸੱਚੀ ਦਰਗਹ ਅੰਦਰ ਜੈ ਜੈ ਕਾਰ ਹੁੰਦਾ ਹੈ:—

ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥
ਈਹਾ ਸੁਖੁ ਦਰਗਹ ਜੈਕਾਰੁ ॥

ਗੁਰਮਤਿ ਨਾਮ (ਜੋ ਸਭ ਮਹਿ ਰਵਿ ਰਹਿਆ ਹੈ) ਕਮਾਈ ਕਰ ਕੇ ਅੰਦਰ ਉਰਧਾਰਿਆਂ ਹਲਤ ਪਲਤ ਦੋਵੇਂ ਸਉਰ ਜਾਂਦੇ ਹਨ।

ਹਲਤੁ ਪਲਤੁ ਦੁਇ ਲੇਹੁ ਸਵਾਰਿ ॥
ਰਾਮਨਾਮੁ ਅੰਤਰਿ ਉਰਿਧਾਰਿ ॥

ਗੁਰੂ ਨਾਨਕ ਦੇ ਘਰ ਦਾ ਦ੍ਰਿੜ੍ਹਾਇਆ ਗੁਰਮਤਿ-ਨਾਮ ਧਿਆਇਆਂ ਕਮਾਇਆਂ ਹਲਤ-ਪਲਤ ਅੰਦਰ ਛੁਟਕਾਰਾ ਹੁੰਦਾ ਹੈ :—

ਜਨ ਨਾਨਕ ਨਾਮੁ ਧਿਆਇ ਤੂ,
ਹਰਿ ਹਲਤਿ ਪਲਤਿ ਛੋਡਾਇਸੀ ॥
[ਵਾਰ ਗਉੜੀ, ੩੧੦

ਜੋ ਦਰਗਹ ਵਿਚ ਮੁੱਖ ਉਜਲੇ ਲੈ ਕੇ ਜਾਣਹਾਰੇ ਤੇ ਸੋਭਾ ਪਾਉਣਹਾਰ ਹਨ, ਤਿਨ੍ਹਾਂ ਗੁਰਸਿਖਾਂ ਦੀ ਧੂੜ ਮੰਗਣ ਦੀ ਉਤਕੰਠਾ ਇਸ ਵਾਕ ਵਿਚ ਅੰਕਤ ਕੀਤੀ ਗਈ ਹੈ :—

ਹਰਿ ਦਰਗਹ ਤੇ ਮੁਖ ਉਜਲੇ, ਬਹੁ ਸੋਭਾ
ਪਾਈ ॥ ਜਨੁ ਨਾਨਕੁ ਮੰਗੈ ਧੂੜਿ ਤਿਨ,
ਜੋ ਗੁਰ ਕੇ ਸਿਖ ਮੇਰੇ ਭਾਈ ॥
[ਗਉੜੀ ਕੀ ਵਾਰ, ਪੰਨਾ ੩੧੦

ਜਿਨ੍ਹਾਂ ਨੂੰ ਜੋਤਿ-ਪ੍ਰਕਾਸ਼ੀ ਰਿਦੇ ਅੰਦਰ ਦਰਸ਼ਨ ਹੋਏ ਹਨ ਤਿਨ੍ਹਾਂ ਨੂੰ ਦਰਗਹ ਅੰਦਰ ਸਤਿਗੁਰੂ ਨਾਨਕ ਆਪ ਛੁਡਾਇ ਲੈਂਦੇ ਹਨ :—

ਨਾਨਕ ਦਰਸਨੁ ਜਿਨਾ ਵੇਖਾਲਿਓਨੁ
ਤਿਨਾ ਦਰਗਹ ਲਏ ਛਡਾਇ ॥
[ਵਾਰ ਗਉੜੀ, ਪੰਨਾ ੩੧੪

ਜਿਨ੍ਹਾਂ ਦੇ ਨਾਮ ਧੰਨ ਪੱਲੇ ਹੈ ਉਹ ਸਲਾਹੁਣਯੋਗ ਹਨ। ਨਾਮ ਜਪਣਹਾਰਿਆਂ ਦਾ ਇਹ ਲੋਕ-ਸੁਹੇਲਾ ਹੋ ਜਾਂਦਾ ਹੈ ਤੇ ਅਗਲਾ ਲੋਕ ਭੀ ਨਾਮ ਦੇ ਪਤਾਪ ਕਰਿ ਨਾਲ ਹੀ ਸੁਹੇਲਾ ਹੋ ਜਾਂਦਾ ਹੈ। ਇਸ ਤਰ੍ਹਾਂ ਸਚ ਧਰਮ ਦਾ ਅਹਿਲ ਥੰਮਾਂ ਵਾਲਾ ਅਟੱਲ ਘਰ ਦਰਗਹ ਅੰਦਰ ਨਿਹਚਲ ਨੀਂਵ ਵਾਲਾ ਬੰਨ੍ਹਿਆ ਜਾਂਦਾ ਹੈ। ਨਾਮ ਨਾਰਾਇਣੀ ਇਹ ਅਬਚਲ ਓਟ,


www.AKJ.Org

ਦੀਨ ਦੁਨੀਆ ਵਿਚ ਅਸਥਿਰ ਰਹਿਣ ਵਾਲੀ ਹੈ, ਜਿਨ੍ਹਾਂ ਨੇ ਵਾਹਿਗੁਰੂ ਨਾਮ ਦੇ ਚਰਨ ਗਹਿ ਕਰ ਕੇ ਪਕੜੇ ਹਨ ਉਹ ਹਰਿ-ਦਰਗਹ ਅੰਦਰ ਭੀ ਚਰਨ ਮੱਲੀ ਰਖਦੇ ਹਨ, ਵਾਹਿਗੁਰੂ-ਚਰਨ ਛੱਡਦੇ ਨਹੀਂ । ਯਥਾ ਗੁਰਵਾਕ :—

ਤਿਸਹਿ ਸਰੇਵਹੁ ਪ੍ਰਾਣੀਹੋ, ਜਿਸ ਦੈ ਨਾਉ ਪਲੈ ॥
ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ ॥
ਘਰੁ ਬੰਧਹੁ ਸਚ ਧਰਮ ਕਾ, ਗਡਿ ਥੰਮੁ ਅਹਲੈ ॥
ਓਟ ਲੈਹੁ ਨਾਰਾਇਣੈ, ਦੀਨ ਦੁਨੀਆ ਝਲੈ ॥
ਨਾਨਕ ਪਕੜੇ ਚਰਣ ਹਰਿ, ਤਿਸੁ ਦਰਗਹ ਮਲੈ ॥
ਵਾਰ ਗਉੜੀ, ੩੨੦

ਸਤਿਗੁਰੂ ਨਾਨਕ ਸਭ ਤੋਂ ਵੱਡਾ ਹੈ। ਨਾਨਕ ਕਾ ਸਾਹਿਬ ਭੀ ਸਭ ਤੋਂ ਵੱਡਾ ਹੈ। ਵੱਡੇ ਦੀ ਵਡਿਆਈ ਇਹ ਹੈ ਕਿ ਉਹ ਆਪਣੇ ਸਿੱਖਾਂ-ਸੇਵਕਾਂ ਨੂੰ ਸਚੀ ਵਡਿਆਈ ਦਿੰਦਾ ਹੈ। ਉਹ ਆਪ ਵਡਾ ਹੈ ਤੇ ਉਸਦਾ ਦਰਬਾਰ ਵੀ ਵੱਡਾ ਹੈ। ਆਪਣੇ ਸਚੇ ਤੇ ਵੱਡੇ ਦਰਬਾਰ ਵਿਚ ਪੁਗ ਖਲੋਤੇ ਸਿਖਾਂ-ਸੇਵਕਾਂ ਨੂੰ ਵਡੀਰਦਾ ਹੈ। ਵਡੇ ਵਾਹਿਗੁਰੂ ਦੇ ਪਠਾਏ ਸਭ ਤੋਂ ਵੱਡੇ ਸਤਿਗੁਰੂ, ਧੰਨ ਗੁਰੂ ਨਾਨਕ ਦੀ ਵੱਡੀ ਵਡਿਆਈ ਵਿਖਿਆਤ ਹੈ ਕਿ ਉਹ ਸੱਚਾ ਕਰਨੇਹਾਰ ਪ੍ਰੀਤ ਸੁਭਾਉ ਵਾਲੇ ਮਨੁੱਖਾਂ ਨੂੰ ਦੇਵਤੇ ਬਣਾ ਦਿੰਦਾ ਹੈ, ਸਿੱਖ ਸਜਾ ਕੇ ਸਚੇ ਦੇਵਤੇ ਬਣਾਉਂਦਾ ਹੈ, ਸਾਰੇ ਸੱਚੇ ਸਿੱਖਾਂ ਨੂੰ ਉਬਾਰ ਲੈਂਦਾ ਹੈ ਤੇ ਉਨ੍ਹਾਂ ਦੇ ਸਾਰੇ ਹੀ ਕਾਰਜ ਸੰਵਾਰ ਦਿੰਦਾ ਹੈ। ਜੋ ਗੁਰੂ-ਘਰ ਦੀ ਤੇ ਗੁਰੂ ਦੇ ਸਿੱਖਾਂ ਦੀ ਨਿੰਦਾ ਕਰਦੇ ਹਨ ਤਿਨ੍ਹਾਂ ਨੂੰ ਸਚੇ ਦਰਬਾਰ ਅਰਥਾਤ ਅਗਲੀ ਦਰਗਹ ਵਿਚ ਝੂਠੇ ਕਰ ਕੇ ਪਕੜ ਪਛਾੜਦਾ ਹੈ। ਐਸਾ ਸਤਿਗੁਰੂ ਸੱਚਾ ਪਾਤਸ਼ਾਹ ਹੈ ਜੋ ਸਚੋ ਸਚ ਨਿਆਉਂ ਨਿਬੇੜਨਹਾਰਾ ਹੈ। ਉਸ ਸੱਚੀ ਦਰਗਾਹ ਵਿਚ ਸਭ ਸਚੋ ਸਚ ਹੀ ਨਿਬੜਦਾ ਹੈ। ਯਥਾ :—

ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ ॥
ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ ॥
ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ ॥
ਨਾਨਕ ਕਾ ਪ੍ਰਭੁ ਵਡਾ ਹੈ ਆਪਿ ਸਾਜਿ ਸਵਾਰੇ॥੨॥
[ਵਾਰ ਗਉੜੀ, ੩੨੩

ਜਿਸ ਜਨ ਉਪਰ ਵਾਹਿਗੁਰੂ ਦੀ ਐਸੀ ਕਿਰਪਾ ਨਦਰ ਮਿਹਰ, ਪ੍ਰਸਾਦਿ ਹੋਵੇ ਕਿ ਉਹ ਨਾਮ ਦੇ ਪ੍ਰਤਾਪ ਕਰਿ ਐਸੀ ਨਿਮ੍ਰਤਾ ਧਾਰਨ ਕਰੇ ਤੇ ਐਸੀ ਤੱਤ ਉਪਰਾਮਤਾ, ਵੈਰਾਗ-ਮਈ ਦੁਨੀਆ ਅੰਦਰ ਰਹਿੰਦੇ ਹੋਏ, ਆਪਣੇ ਜੀਵਨ 'ਤੇ ਵਰਤਾਵੇ ਕਿ ਉਹ ਆਪਣੇ ਆਪ ਨੂੰ ਹਰ ਨਿਮਖ ਸੰਸਾਰ ਤੇ ਪ੍ਰਾਹੁਣਾ ਆਇਆ ਹੀ ਜਾਣੇ ਤਾਂ ਉਸ ਨੂੰ ਦਰਗਾਹ ਵਿਚ ਕੁਝ ਇੱਜ਼ਤ-ਮਾਨ ਪ੍ਰਾਪਤ ਹੁੰਦਾ ਹੈ :—

ਗੁਰ ਪਰਸਾਦਿ ਜਾਣੈ ਮਿਹਮਾਨੁ ॥
ਤਾ ਕਿਛੁ ਦਰਗਹ ਪਾਵੈ ਮਾਨੁ ॥
[ਆਸਾ ਮਹਲਾ ੫, ਪੰਨਾ ੩੫੦

ਜਿਹੜੇ ਬੇਮੁਖ ਗੁਰੂ ਦੇ ਹੁਕਮਾਂ ਤੋਂ ਟੇਢੇ ਚਲਦੇ ਹਨ ਉਹ ਗੁਰਮਤਿ ਮਾਰਗ ਤੇ ਨਾ ਚਲਣ ਕਰਕੇ ਧੁਰ ਟਿਕਾਣੇ ਨਹੀਂ ਪਹੁੰਚਦੇ। ਉਨ੍ਹਾਂ ਨੂੰ ਅਗਲੀ ਦਰਗਹ ਵਿਚ ਬੈਠਣ ਨੂੰ ਥਾਂ ਨਹੀਂ ਮਿਲਦੀ, ਉਹ ਐਵੇਂ ਭਟਕਦੇ ਫਿਰਦੇ ਹਨ। ਜਿਨ੍ਹਾਂ ਨੂੰ ਸਤਿਗੁਰੂ ਨੇ ਕਿਰਪਾ ਕਰ ਕੇ ਸਤਿਨਾਮ ਗੁਰਮੰਤ੍ਰ ਬਖਸ਼ਿਆ ਹੈ ਤੇ ਜਿਨ੍ਹਾਂ ਨੇ ਏਸ ਗੁਰਮੰਤ੍ਰ ਦਾ ਜਾਪ-ਜਿਮਰਨ ਕੀਤਾ ਹੈ ਉਨ੍ਹਾਂ ਨੂੰ ਹੀ ਸਚੀ ਦਰਗਾਹੇ ਬੈਠਣ ਲਈ ਥਾਉਂ ਮਿਲਦਾ ਹੈ :—

ਵਾਟ ਨ ਪਾਵਉ ਵੀਗਾ ਜਾਉ ॥
ਦਰਗਹ ਬੈਸਣ ਨਾਹੀ ਥਾਉ ॥......
ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥
ਦਰਗਹ ਬੇਸਣ ਹੋਵੈ ਥਾਉ ॥
[ਆਸਾ ਮ: ੧, ਪੰਨਾ ੩੫੪

ਜਿਨ੍ਹਾਂ ਗੁਰਮੁਖਾਂ ਨੇ ਐਸਾ ਨਾਮੁ ਜਪਿਆ ਹੈ ਕਿ ਉਨ੍ਹਾਂ ਦਾ ਮਨ, ਦਿਨ ਰਾਤ ਨਾਮ ਦੇ ਰੰਗਾਂ ਵਿਚ ਰੱਤਾ ਹੀ ਰਹਿੰਦਾ ਹੈ ਤੇ ਜਿਨ੍ਹਾਂ ਨੇ ਏਸ ਮਨ ਰੰਗ-ਰੱਤੀ ਦਸ਼ਾ ਵਿਚ ਸਾਰੀ ਉਮਰ ਤੋੜ ਨਿਭਾਈ ਹੈ ਤਿਨ੍ਹਾਂ ਦਾ ਜਨਮ ਮਰਨ ਦਾ ਦੁਖ ਸਾਰਾ ਹੀ ਦੂਰ ਹੋ ਜਾਂਦਾ ਹੈ ਤੇ ਉਹ ਸਹਿਜ ਸੁਭਾਉ ਹੀ ਵਾਹਿਗੁਰੂ ਦੀ ਦਰਗਾਹ ਜਾ ਮਿਲਦੇ ਹਨ।

ਜੋ ਮਨਿ ਰਾਤੇ ਹਰਿ ਰੰਗੁ ਲਾਇ ॥ ਤਿਨ ਕਾ
ਜਨਮ ਮਰਣ ਦੁਖੁ ਲਾਥਾ, ਤੇ ਹਰਿ ਦਰਗਹ
ਮਿਲੇ ਸੁਭਾਇ ॥ [ਆਸਾ ਮਹਲਾ ੧, ੩੨੬

["ਅਣਡਿੱਠੀ ਦੁਨੀਆਂ" ਵਿਚੋਂ

www.AKJ.Org

# ਮਨ ਦੇ ਤਰੰਗ

[ ਵਲੋਂ:–ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਬਹੁ-ਰੰਗੀ ਦੁਨੀਆ ਦੇ ਅਨੇਕ ਪ੍ਰਕਾਰ ਦੇ ਰੰਗਾਂ ਦਾ ਪਰਤਵ ਅਵੱਸ਼ ਹੀ ਪ੍ਰਾਣੀ ਦੇ ਮਨ ਉਤੇ ਆ ਪੈਂਦਾ ਹੈ । ਏਹਨਾਂ ਬਹੁ-ਪ੍ਰਕਾਰੀ ਰੰਗਾਂ ਵਿਚ ਰੰਙ ਕੇ ਮਨ ਫੇਰ ਆਪਣੇ ਹੁਦਰੋਂ ਹੀ ਆ-ਮੁਹਾਰੇ ਤਰੰਗ ਆਪ ਛਡਣ ਲਗ ਪੈਂਦਾ ਹੈ, ਜੋ ਪ੍ਰਾਣੀ ਉਤੇ ਐਥੋਂ ਤੀਕ ਪਰਬਲ ਪੈ ਜਾਂਦੇ ਹਨ ਕਿ ਪ੍ਰਾਣੀ ਨੂੰ ਮਨ ਦੇ ਉਨ੍ਹਾਂ ਤਰੰਗਾਂ ਦੇ ਅਧੀਨ ਹੀ ਹੋਣਾ ਪੈਂਦਾ ਹੈ । ਇਨ੍ਹਾਂ ਮੰਨ-ਮੰਨੇ ਤਰੰਗਾਂ ਨੂੰ ਰੋਕਣਾ ਕੋਈ ਸੁਖਾਲੀ ਜਿਹੀ ਗੱਲ ਨਹੀਂ:–

''ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ''

ਗੁਰਵਾਕ ਦੇ ਭਾਵ ਅਨੁਸਾਰ ਕਰਤਾਰ ਦੀ ਪੂਰਨ ਕਿਰਪਾਲਤਾ ਦੁਆਰਾ ਹੀ ਮਨ ਵੱਸ ਵਿਚ ਆ ਸਕਦਾ ਹੈ । ਮਨ ਦਾ ਵਸ਼ ਵਿਚ ਆਉਣਾ ਮਨ ਦੇ ਅਨੇਕ ਪਰਕਾਰ ਨੂੰ ਫੁਰਨਿਆਂ ਸੰਕਲਪਾਂ ਵਿਕਲਪਾਂ ਦਾ ਅਭਾਵ ਹੋਣਾ ਹੈ । ਇਹ ਗੱਲ ਅਤੀ ਅਸੰਭਵ ਪ੍ਰਤੀਤ ਹੁੰਦੀ ਹੋਵੇਗੀ ਕਿ ਮਨ ਉੱਕਾ ਹੀ ਫੁਰਨਿਆਂ ਤੋਂ ਅਫੁਰ ਹੋ ਜਾਏ, ਪਰੰਤੂ ਇਹ ਗੱਲ ਗੁਰਮਤਿ ਅੰਦਰ ਕੋਈ ਅਲੌਕਿਕ ਗੱਲ ਨਹੀਂ । ਮਨ ਦਾ ਆਪਣਾ ਨਿਜ ਸਰੂਪ (ਵਜੂਦ) ਕਈ ਨਹੀਂ, ਕਿੰਤੂ ਮਨ ਅਨੇਕ ਪ੍ਰਕਾਰ ਦੇ ਮਾਇਆਵੀ ਫੁਰਨਿਆਂ ਦਾ ਸੰਘੱਟ (ਸਮੁ-ਦਾਇ) ਹੈ । ਪ੍ਰਾਣੀ ਉਤੇ ਕਰਤਾਰ ਦੀ ਪੂਰਨ ਕਿਰਪਾ ਇਹ ਹੈ ਕਿ ਪ੍ਰਾਣੀ ਗੁਰੂ ਦੇ ਭਾਣੇ ਅੰਦਰ ਆ ਜਾਏ । ਗੁਰੂ ਦੇ ਭਾਣੇ ਅੰਦਰ ਆਉਣਾ ਗੁਰੂ ਦਾ ਹਰਿ ਪ੍ਰਕਾਰ ਆਗਿਆਕਾਰੀ ਤੇ ਆਗਿਆ ਅਨੁਸਾਰੀ ਬਣਨਾ ਹੈ । ਇਸ ਬਿਧ ਗੁਰੂ ਦੇ ਭਾਣੇ ਅੰਦਰ ਆਏ ਪ੍ਰਾਣੀ ਦਾ ਮਨ ਜੋ ਪਹਿਲਾਂ ਮਾਇਆਵੀ ਫੁਰਨਿਆਂ ਨਾਲ ਅੱਟਿਆ ਹੋਇਆ ਸੀ, ਗੁਰੂ ਦੇ ਸਰੂਪ ਵਿਚ ਲੀਨ ਹੋ ਕੇ ਜੋਤਿ ਸਰੂਪੀ ਮਨ ਹੋ ਜਾਂਦਾ ਹੈ, ਅਰਥਾਤ ਮਨ ਦੇ ਮਾਇਆਵੀ ਛਉੜ ਕਟੇ ਜਾਣ ਪਰ, ਹੇਠੋਂ ਸੁਧ ਅਤੇ ਨਿਰੋਲ ਦਿੱਬ ਆਤਮਾ ਹੀ ਆਤਮਾ ਝਲਕਾਰੇ ਮਾਰਨ ਲਗ ਪੈਂਦਾ ਹੈ, ਜਿਸ ਨੂੰ ਕੇਵਲ ਆਤਮ-ਅਨੰਦੀ ਜਗਿਆਸੂ ਹੀ ਅਨਭਵ ਕਰ ਸਕਦੇ ਹਨ ਅਤੇ ਉਸ ਦੇ ਆਤਮਿਤ ਰਸ ਦੇ ਗਟਾਕ ਰਸ, ਬਸ, ਗੂੰਗੇ ਦੇ ਗੁੜ ਦੇ ਸੁਆਦ ਵਤ ਉਹ ਆਪ ਹੀ ਲੈ ਸਕਦੇ ਹਨ । ਇਉਂ ਮਨ ਦੇ ਤਰੰਗ ਆਤਮਿਕ ਤਰੰਗਾਂ ਵਿਚ ਪਲਟ ਜਾਂਦੇ ਹਨ ।

## ਓ ਮੇਰੇ ਰੰਗ-ਰਤੜੇ ਮਾਹੀ

[ਪਹਿਲੇ ਸਫ਼ੇ ਤੇ ਦਿੱਤੀ ਫ਼ਾਰਸੀ ਗ਼ਜ਼ਲ ਦਾ ਪੰਜਾਬੀ ਉਲਥਾ]

ਓ ਮੇਰੇ ਰੰਗ-ਰਤੜੇ ਮਾਹੀ ! ਭਰ ਦੇ ਮੈਅ-ਪਿਆਲਾ ।
ਤੇਰੀ ਲਾਲ ਰੰਗੀਲੀ ਮੈਅ ਚੋਂ, ਭੇਦ ਦਿਸੇ ਰੱਬ ਵਾਲਾ ॥ ੧ ॥

ਆਸ਼ਕ-ਮੂੰਹੋਂ ਐਨਲਹੱਕ ਦਾ, ਜਦ ਵੀ ਨਿਕਲੇ ਨ੍ਹਾਰਾ ।
ਨਾਮ-ਖ਼ੁਮਾਰੀ ਇਸਦੀ ਦੀ, ਨਾ ਝਾਲ ਝਲੇ ਜਗ ਸਾਰਾ ॥ ੨ ॥

ਸੁਹਣਿਆ ! ਜਗ ਅਨ੍ਹੇਰਾ ਹੋਇਆ, ਸੁਹਣਾ ਕੱਢ ਚਮਕਾ ਦੇ ।
ਸਾਹਵੇਂ ਕਰ ਚਮਕੀਲਾ ਚਿਹਰਾ, ਦੀਵਾ ਇਉਂ ਜਗਾ ਦੇ ॥ ੩ ॥

ਜਿਸ ਦਮ ਅੰਦਰ ਯਾਦ ਆਏਂ ਤੂੰ, ਉਸ ਵਿਚ ਉਮਰ ਵਿਹਾਵੇ ।
ਉਹ ਦਮ ਮਨ ਦੀ ਤਪਤ ਮਿਟਾਵੇ, ਜੇਕਰ ਹੱਥ ਆ ਜਾਵੇ ॥ ੪ ॥

'ਗੋਇਆ' ਨੈਣ ਮੇਰੇ ਹਨ ਦੋਵੇਂ, ਦੋ ਦਰਿਆ ਲਾ-ਸਾਨੀ ।
ਇੱਕ ਇੱਕ ਹੰਝੂ ਇਨ੍ਹਾਂ ਦੁਹਾਂ ਦਾ, ਸੈ ਦਿਲ ਸਿੰਜਦਾ ਜਾਨੀ ॥ ੫ ॥

[ਸ: ਵਿਧਾਤਾ ਸਿੰਘ ਜੀ 'ਤੀਰ'

www.AKJ.Org

# ਕੀਰਤਨ ਹਜ਼ੂਰੀ

[ਵਲੋਂ:–ਗਿ: ਹਰਬੰਸ ਸਿੰਘ ਜੀ, 11F/25, ਸੈਕਟਰ 23A, ਚੰਡੀਗੜ੍ਹ]

ਹਾਜ਼ਰੀ ਅਤੇ ਹਜ਼ੂਰੀ ਦੋਵੇਂ ਮਿਲਦੇ-ਜੁਲਦੇ ਪਦ ਹਨ, ਜਿਨ੍ਹਾਂ ਦੀ ਵਿਲੱਖਣਤਾ ਨੂੰ ਸਾਧਾਰਨ ਮਨੁੱਖ ਸਮਝਣ ਦਾ ਘੱਟ ਹੀ ਜਤਨ ਕਰਦੇ ਹਨ। ਕਈ ਵਾਰੀ ਹਾਜ਼ਰ ਹੁੰਦੇ ਹੋਏ ਵੀ ਮਨੁੱਖੀ-ਮਨ ਹਾਜ਼ਰ ਨਹੀਂ ਹੁੰਦਾ, ਪਰ ਕਈ ਵਾਰ ਗ਼ੈਰ ਹਾਜ਼ਰ ਹੁੰਦੇ ਹੋਏ ਵੀ ਮਨ ਦੀ ਹਾਜ਼ਰੀ ਲਗ ਜਾਂਦੀ ਹੈ। ਇਸ ਤਰ੍ਹਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਹਾਜ਼ਰੀ, ਹਜ਼ੂਰੀ ਵਿੱਚ ਪਹੁੰਚਾਉਣ ਦਾ ਇਕ ਵੱਡਾ ਸਾਧਨ ਹੈ, ਪਰ ਨਿਰੀ ਹਾਜ਼ਰੀ ਹਜ਼ੂਰੀ ਦੀ ਪ੍ਰਤੀਕ ਨਹੀਂ। ਇਸੇ ਤਰ੍ਹਾਂ ਮੂੰਹੋਂ ਆਖੀ ਜਾਣਾ ਕਿ 'ਵਾਹਿਗੁਰੂ ਜੀ ਬੜੇ ਨੇੜੇ ਹਨ' ਪਰ ਨੇੜਤਾ ਨੂੰ ਦਿਲੋਂ ਅਨਭਵ ਨਾ ਕਰਨਾ, ਇਹ ਇਕ ਹਾਸੋ ਹੀਣੀ ਜਿਹੀ ਨੇੜਤਾ ਅਥਵਾ ਹਜ਼ੂਰੀ ਹੈ। ਸੋ, ਕਹਿਣੀ ਤੇ ਕਰਣੀ ਵਿੱਚ ਬਹੁਤ ਫ਼ਰਕ ਹੈ। ਭਾ: ਸਾਹਿਬ ਗੁਰਦਾਸ ਜੀ ਨੇ ਬੜੇ ਸੁੰਦਰ ਪਰਮਾਣ ਦੇ ਕੇ ਇਸ ਸਚਾਈ ਨੂੰ ਇਉਂ ਪ੍ਰਗਟ ਕੀਤਾ ਹੈ:–

ਖਾਂਡ ਖਾਂਡ ਕਹੈ, ਜਿਹਬਾ ਨ ਸ੍ਵਾਦ ਮੀਠੋ ਆਵੈ,
ਅਗਨਿ ਅਗਨਿ ਕਹੈ, ਸੀਤ ਨ ਬਿਨਾਸ ਹੈ।
ਬੈਦ ਬੈਦ ਕਹੈ, ਰੋਗ ਮਿਟਤ ਨ ਕਾਹੂ ਕੋ,
ਦਰਬ ਦਰਬ ਕਹੈ, ਕੋਊ ਦ੍ਰਬਹਿ ਨ ਬਿਲਾਸ ਹੈ।
ਚੰਦਨ ਚੰਦਨ ਕਹਤ, ਪ੍ਰਗਟੈ ਨ ਸੁਬਾਸ ਬਾਸੁ,
ਚੰਦੁ ਚੰਦੁ ਕਹੈ, ਉਜਿਆਰੋ ਨ ਪ੍ਰਗਾਸ ਹੈ।
ਤੈਸੇ ਗਿਆਨ ਗੋਸਟਿ ਕਹਤ, ਨ ਰਹਤ ਪਾਵ,
ਕਰਨੀ ਪ੍ਰਧਾਨ, ਭਾਨੁ ਉਦਿਤ ਅਕਾਸ਼ ਹੈ।
[ਕਬਿੱਤ ਨੰ: ੪੩੭

ਭਾਵ ਨਿਰੀਆਂ ਜ਼ਬਾਨੀ ਗੱਲਾਂ ਨਾਲ ਕੁਝ ਨਹੀਂ ਬਣਦਾ, ਪ੍ਰੇਮਾ-ਭਗਤੀ ਨਾਲ ਹੀ ਅੰਤਸ਼ਕਰਣ ਰੂਪੀ ਅਕਾਸ਼ ਵਿੱਚ ਗੁਰੂ ਦਾ ਗਿਆਨ ਰੂਪੀ ਸੂਰਜ ਚੜ੍ਹਦਾ ਹੈ। ਕੀਰਤਨ ਸਮੇਂ ਵਾਹਿਗੁਰੂ ਦੀ ਹੋਂਦ ਨੂੰ ਨਿਰੰਤਰ ਦਿਨ ਰਾਤ ਟਿਕਾਈ ਰੱਖਣਾ, ਇਹ ਹਜ਼ੂਰੀ ਦੀ ਨਿਸ਼ਾਨੀ ਹੈ। ਮਨ ਤੇ ਚਿਤ-ਬ੍ਰਿਤੀ ਦੀ ਇਕਾਗਰਤਾ ਹਜ਼ੂਰੀ ਨੂੰ ਦ੍ਰਿੜ੍ਹ ਕਰਾਉਣ ਵਿੱਚ ਸਹਾਇਕ ਹੁੰਦੀ ਹੈ। ਵਸਲ ਵਿੱਚ ਵਸਣ ਵਾਲੇ ਮਹਾਂਪੁਰਖ ਨਾਮ-ਰਸੀਏ ਕੀਰਤਨ ਵਿੱਚ ਹੀ ਪ੍ਰਭੂ ਹਜ਼ੂਰੀ ਦੀ ਨਿੱਘ ਮਾਣਦੇ ਹਨ। ਬਾਕੀ ਆਮ ਜਗਿਆਸੂ ਜਗਤ-ਚਾਲ ਅਨੁਸਾਰ ਦੇਖਾ-ਦੇਖੀ ਵਾਲੇ ਕਰਮ ਹੀ ਕਮਾਉਂਦੇ ਹਨ।

ਕੀਰਤਨ ਦਾ ਰੂਪ, ਸੰਗੀਤ ਤੇ ਗੁਰਬਾਣੀ ਦੇ ਮੇਲ ਤੋਂ ਹੀ ਪ੍ਰਗਟ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੱਬੀ-ਕੀਰਤਨ ਦਾ ਭੰਡਾਰ ਹਨ। ਹਜ਼ੂਰੀ ਦਾ ਕੀਰਤਨ ਕਰਨ ਤੇ ਸੁਣਨ ਦੀ ਪੂਰਨ ਸਿਖਿਆ ਇਨ੍ਹਾਂ ਤੋਂ ਬਾਹਰ ਹੋਰ ਕਿਸੇ ਸੰਗੀਤਕਾਰ ਪਾਸੋਂ ਨਹੀਂ ਮਿਲ ਸਕਦੀ। ਇਹ ਕੀਰਤਨ ਗੁਰਮੁਖਾਂ ਗੁਰਸਿੱਖਾਂ ਦਾ ਜੀਵਨ-ਆਧਾਰ ਹੈ। ਸਿੱਖ-ਇਤਿਹਾਸ ਵਿੱਚ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਜਿਸ ਨੇ ਵੀ ਗੁਰੂ ਬਾਬਾ ਜੀ ਦੀ ਹਜ਼ੂਰੀ ਵਿੱਚ ਬੈਠ ਕੇ ਆਪ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਕੀਰਤਨ ਸ੍ਰਵਨ ਕੀਤਾ, ਉਸ ਦਾ ਪਾਰ-ਉਤਾਰਾ ਹੋ ਗਿਆ। ਕੌਡਾ, ਦੈਂਤ ਤੋਂ ਦੇਵ ਬਣ ਗਿਆ, ਕੌੜੇ ਰੀਠਿਆਂ ਨੇ ਆਪਣੀ ਕੁੜੱਤਣ ਛੱਡ ਦਿੱਤੀ, ਸੱਪ ਨੂੰ ਡੰਗ ਮਾਰ ਕੇ ਡਸਣਾ ਭੁੱਲ ਗਿਆ, ਸੱਜਣ ਠੱਗ, ਸੱਚੀ-ਮੁੱਚੀ ਦਾ ਸੱਜਣ ਬਣ ਗਿਆ, ਕੀਰਤਨ ਸੁਣਨ ਨਾਲ ਉਸਦਾ ਮਨ ਮੋਮ ਹੋ ਗਿਆ। ਇਹ ਸਭ ਕੁਝ ਕੀਰਤਨ-ਕਲਾ ਸੀ, ਜਿਸ ਦੀ ਯਾਦ ਰਹਿੰਦੀ ਦੁਨੀਆ ਤੱਕ ਕਾਇਮ ਰਹੇਗੀ। ਗੱਲ ਕੀ, ਜਿਸ ਨੇ ਵੀ ਸਾਈਂ ਦੀ ਹਜ਼ੂਰੀ ਵਿੱਚ ਜੁੜ ਕੇ ਕੀਰਤਨ ਗਾਇਆ ਤੇ ਸੁਣਿਆ, ਉਸ ਨੇ ਆਤਮਿਕ ਅਡੋਲਤਾ ਪ੍ਰਾਪਤ ਕਰ ਲਈ। ਉਸ ਦੀ ਦੁਰਮਿਤ ਨਾਸ਼ ਹੋ ਗਈ, ਸੁਮੱਤਿ ਪ੍ਰਕਾਸ਼ ਹੋ ਗਈ। ਗੁਰਬਾਣੀ ਇਹ ਭਰੋਸਾ ਦਿਵਾਉਂਦੀ ਹੈ ਕਿ:–

"ਜੋ ਜੋ ਕਥੈ ਸੁਣੈ ਹਰਿ ਕੀਰਤਨੁ ਤਾ ਕੀ
ਦੁਰਮਤਿ ਨਾਸੁ । ਸਗਲ ਮਨੋਰਥ ਪਾਵੈ
ਨਾਨਕ ਪੂਰਨ ਹੋਵੈ ਆਸ ॥ (ਪੰ: ੧੩੦੦)

ਆਸਾਂ ਪੂਰਨ ਕਰਨ ਵਾਲਾ ਇਹ ਕੀਰਤਨ ਇਕ



www.AKJ.Org

ਅਨੂਠਾ ਵਿਸਮਾਦਿਕ ਰਸ ਪੈਦਾ ਕਰਦਾ ਹੈ ਜਿਸ ਨਾਲ ਚੰਚਲ ਮਨ ਕਾਬੂ ਵਿੱਚ ਆ ਜਾਂਦਾ ਹੈ, ਰਾਗ ਅਤੇ ਸੁਰ ਇਕ ਪਾਸੇ ਰਹਿ ਜਾਂਦਾ ਹੈ। ਗੁਰਦੇਵ ਜੀ ਦਾ ਫੁਰਮਾਨ ਹੈ:—

ਸਹਜ ਸਿਫਤਿ ਭਗਤਿ ਤਤੁ ਗਿਆਨਾ ॥
ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥
ਤਹਾ ਸੰਗਤਿ ਸਾਧ ਗੁਣ ਰਸੈ ॥
ਅਨਭਉ ਨਗਰੁ ਤਹਾ ਸਦ ਵਸੈ ॥
ਤਹ ਭਉ ਭਰਮਾ ਸੋਗ ਨ ਚਿੰਤਾ ॥
ਆਵਣੁ ਜਾਵਣੁ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨਹਤ ਅਖਾਰੇ ॥
ਭਗਤ ਵਸਹਿ ਕੀਰਤਨ ਆਧਾਰੇ ॥ [ਪੰ: ੨੩੭

ਰਾਗ ਕੁਝ ਸਮੇਂ ਲਈ ਵਿਸਮਾਦ ਪੈਦਾ ਕਰਦਾ ਹੈ, ਪਰ ਆਤਮ-ਰਸ ਅਜਿਹੇ ਵਿਸਮਾਦ ਤੋਂ ਬਹੁਤ ਉੱਚਾ ਹੈ, ਕਿਉਂਕਿ ਉਹ ਸਿੱਧਾ ਪ੍ਰੀਤਮ ਦੇ ਦੇਸ ਵਿੱਚ ਲੈ ਜਾਂਦਾ ਹੈ। ਇਕ-ਰੱਸ ਕੀਰਤਨ ਵਾਹਿਗੁਰੂ ਜੀ ਦੀ ਸਿਫ਼ਤ-ਸਲਾਹ ਦਾ ਤੱਤ-ਗਿਆਨ ਹੈ। ਗੁਰੂ ਬਾਬਾ ਜੀ ਨੇ ਜਿਸ ਕੀਰਤਨ ਲਹਿਰ ਨੂੰ ਚਲਾਇਆ ਉਸ ਦਾ ਮੁਖ ਪ੍ਰਯੋਜਨ ਵਿਛੜੀਆਂ ਰੂਹਾਂ ਨੂੰ ਸਾਈਂ ਨਾਲ ਜੋੜਨਾ ਸੀ। ਗੁਰਬਾਣੀ ਦੇ ਕੀਰਤਨ ਨਾਲ ਇਕ-ਸੁਰ ਹੋਇਆ ਮਨ ਦ੍ਰਵਦਾ ਹੈ ਅਤੇ ਸਾਈਂ ਦੀ ਹਜ਼ੂਰੀ ਵਿੱਚ ਜੁੜਦਾ ਹੈ। ਗੁਰਸਿੱਖਾਂ ਨੂੰ ਗੁਰੂ ਦੀ ਕਿਰਪਾ ਨਾਲ ਇਹ ਸੋਝੀ ਹੁੰਦੀ ਹੈ, ਤਾਂ ਹੀ ਉਹ ਵਿਗਸ ਵਿਗਸ ਕੇ ਆਪਣੇ ਸਾਈਂ ਦੇ ਗੁਣ ਗਾਉਂਦੇ ਹਨ। ਪੰਚਮ ਪਾਤਸ਼ਾਹ ਜੀ ਨੇ ਇਸ ਅਸਲੀਅਤ ਨੂੰ ਇਉਂ ਵਰਨਿਆ ਹੈ:—

"ਆਤਮਾਰਾਮੁ ਸਰਬ ਮਹਿ ਪੇਖੁ ॥ ਪੂਰਨ ਪੂਰਿ ਰਹਿਆ ਪ੍ਰਭ ਏਕੁ ॥ ਰਤਨੁ ਅਮੋਲੁ ਰਿਦੇ ਮਹਿ ਜਾਨੁ ॥ ਅਪਨੀ ਵਸਤੁ ਤੂ ਆਪਿ ਪਛਾਨੁ ॥੧॥ ਪੀ ਅੰਮ੍ਰਿਤੁ ਸੰਤਨ ਪਰਸਾਦਿ ॥ ਵਡੇ ਭਾਗ ਹੋਵਹਿ ਤਉ ਪਾਈਐ, ਬਿਨ ਜਿਹਵਾ ਕਿਆ ਜਾਣੈ ਸੁਆਦੁ ॥੧॥ ਰਹਾਉ॥ ਅਨ ਦਸ ਬੇਦ ਸੁਨੇ ਕਹ ਡੋਰਾ ॥ ਕੋਟਿ ਪ੍ਰਕਾਸ ਨ ਦਿਸੈ ਅੰਧੇਰਾ ॥ ਪਸੂ ਪਰੀਤਿ ਘਾਸ ਸੰਗਿ ਰਚੈ ॥ ਜਿਸੁ ਨਹੀ ਬੁਝਾਵੈ, ਸੋ ਕਿਤੁ ਬਿਧਿ ਬੁਝੈ ॥੨॥ ਜਾਨਣਹਾਰੁ ਰਹਿਆ ਪ੍ਰਭ ਜਾਨਿ ॥ ਓਤਿਪੋਤਿ ਭਗਤਨ ਸੰਗਾਨਿ ॥ ਬਿਗਸਿ ਬਿਗਸਿ ਅਪੁਨਾ ਪ੍ਰਭ ਗਾਵਹਿ ॥ ਨਾਨਕ, ਤਿਨ ਜਮ ਨੇੜਿ ਨ ਆਵਹਿ ॥ ੩ ॥ [ਪੰਨਾ ੮੯੨

ਇਸ ਆਤਮਕ ਖੇੜੇ ਨੂੰ ਪ੍ਰਭੂ ਦੇ ਭਗਤ ਹੀ ਜਾਣਦੇ ਤੇ ਮਾਣਦੇ ਹਨ। ਉਹ ਬੁੱਧੀ-ਮੰਡਲ ਵਿੱਚ ਪੈ ਕੇ ਨਿਜੀ ਵਿਆਖਿਆ ਦਾ ਚਮਤਕਾਰ ਨਹੀਂ ਵਿਖਾਉਂਦੇ, ਕਿਉਂਕਿ ਕੀਰਤਨ-ਸਮਾਧੀ ਬੁੱਧੀ-ਮੰਡਲਾਂ ਦੀ ਉਡਾਰੀ ਤੋਂ ਉਪਰ ਆਤਮ-ਮੰਡਲ ਵਿੱਚ ਲੈ ਜਾਂਦੀ ਹੈ। ਗੁਰਬਾਣੀ ਦੀ ਟਕਸਾਲ ਵਿੱਚ ਘੜੀ ਹੋਈ ਸੁਰਤਿ, ਮਤਿ ਅਤੇ ਬੁਧਿ ਅਕਲੀ ਵਿਚਾਰਾਂ ਦਾ ਅਭਾਵ ਕਰ ਕੇ ਮਸਤੀ ਦੇ ਮੰਡਲ ਵਿਚ ਜਾ ਟਿਕਾਉਂਦੀ ਹੈ। 'ਮੇਰੇ ਲਾਲਨ ਕੀ ਸੋਭਾ' ਗਾਉਣ-ਹਾਰਿਆਂ ਦੀ ਸੂਚੀ 'ਸੋ ਦਰੁ' ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਬਣਾਈ ਹੈ, ਸਿਫਤਾਂ ਬਾਰੇ ਪੂਰਾ ਅਨੁਮਾਨ ਲਾਉਣ ਵਿੱਚ ਵੀ ਆਪਣੀ ਸਮਰੱਥਾ ਪ੍ਰਗਟਾਈ ਹੈ :—

"ਹੋਰਿ ਕੇਤੇ ਤੁਧੁਨੋ ਗਾਵਨਿ, ਸੇ ਮੈ ਚਿਤਿ ਨ ਆਵਨਿ, ਨਾਨਕੁ ਕਿਆ ਬੀਚਾਰੇ ॥"

ਸਾਹਿਬ ਦੀ ਹਜ਼ੂਰੀ ਵਿੱਚ ਰਹਿਣ ਵਾਲਾ ਮਨੁੱਖ ਕਦੇ ਵੀ ਕਿਸੇ ਦੁਨਿਆਵੀ ਧਨਾਢ ਜਾਂ ਛਤਰਧਾਰੀ ਦੀ ਪਰਵਾਹ ਨਹੀਂ ਕਰਦਾ, ਕਿਉਂਕਿ ਉਸ ਦੀ ਟੇਕ 'ਬੇਮੁਹਤਾਜਾ ਬੇਪਰਵਾਹੁ' ਪਾਤਿਸ਼ਾਹ ਤੇ ਹੀ ਹੁੰਦੀ ਹੈ। ਉਹ 'ਸਿਰਿ ਸਾਹਾਂ ਦੇ ਸਾਹ' ਨੂੰ ਛੱਡ ਕੇ ਬੰਦੇ ਦਾ ਬੰਦਾ ਨਹੀਂ ਬਣਦਾ ਅਤੇ ਨਾ ਹੀ ਉਸਨੂੰ ਸਲਾਮ ਕਰਦਾ ਹੈ, ਕਿਉਂਕਿ ਉਹ ਸਾਈਂ ਦਾ ਬੰਦਾ ਬਣ ਕੇ ਸਾਹਿਬ ਦੀ ਹਜ਼ੂਰੀ ਵਿੱਚ ਰਹਿੰਦਾ ਹੈ :—

"ਜਾਕਉ ਮਹਲੁ ਹਦੂਰਿ, ਦੂਜੈ ਨਿਵੈ ਕਿਸੁ ॥
ਦਰਿ ਦਰਵਾਣੀ ਨਾਹਿ ਮੂਲੇ ਪੁਛਿ ਤਿਸੁ ॥
ਛੁਟੈ ਤਾ ਕੇ ਬੋਲਿ, ਸਾਹਿਬ ਨਦਰਿ ਜਿਸੁ ॥"
[ਪੰਨਾ ੭੨੧



www.AKJ.Org

ਜਿਹੜਾ ਮਨੁਖ 'ਨਾਨਕ ਨਦਰੀ ਨਦਰਿ ਨਿਹਾਲ' ਨਹੀਂ ਹੋਇਆ ਉਹ ਮਾਲਿਕ ਦਾ ਮਹਿਲ ਛੱਡ ਕੇ ਮਾਇਆ ਦੇ ਮਹਿਲ ਵਿੱਚ ਘੁੰਮਦਾ ਫਿਰਦਾ ਹੈ। ਇਸੇ ਕਾਰਨ ਇਹ 'ਆਭਾ ਅਭੰਗ' ਵਾਲੇ ਅਰੂਪ ਸਰੂਪ ਨੂੰ ਨਹੀਂ ਪਰਸ ਸਕਦਾ। ਮਨ ਦਾ ਅਸਲੀ ਸੁਭਾਉ ਰੱਸ ਨੂੰ ਪਿਆਰ ਕਰਨਾ ਹੁੰਦਾ ਹੈ, ਪਰ ਰਸ ਵਿਚ ਕਈ ਵਾਰੀ ਕੁਰੱਸ ਵੀ ਆ ਵੜਦਾ ਹੈ। ਕੁਰੱਸ ਉਸ ਸਮੇਂ ਆਉਂਦਾ ਹੈ ਜਦੋਂ ਮਨ ਸਾਈਂ ਦੀ ਹਜ਼ੂਰੀ ਤੋਂ ਦੂਰ ਹੁੰਦਾ ਹੈ। ਇਸ ਵਿੱਚ ਸੰਦੇਹ ਨਹੀਂ ਕਿ ਚੰਗਾ ਸਾਜ਼ ਤੇ ਚੰਗੀ ਆਵਾਜ਼ ਮਨ ਨੂੰ ਮੋਹ ਲੈਂਦੇ ਹਨ, ਪਰ ਇਨ੍ਹਾਂ ਦਾ ਲਾਭ ਤਾਂ ਹੀ ਹੁੰਦਾ ਹੈ ਜੇ ਰੱਬੀ ਬਾਣੀ ਦੇ ਕੀਰਤਨ ਦੁਆਰਾ ਜੀਵਾਤਮਾ ਨੂੰ ਸਾਈਂ ਦੀ ਹਜ਼ੂਰੀ ਵਿੱਚ ਜੋੜ ਦੇਣ। ਫਿਰ ਇਸ ਤੋਂ ਸੁਖੈਨ ਕੋਈ ਹੋਰ ਮਾਰਗ ਨਹੀਂ ਦਿਸੇਗਾ, ਜਿਸ ਤੇ ਚੱਲ ਕੇ ਆਤਮਾ ਤੇ ਪਰਮਾਤਮਾ ਦਾ ਮੇਲ ਹੋ ਸਕਦਾ ਹੋਵੇ। ਪਰ ਦੂਜੇ ਪਾਸੇ ਜੇ ਰਾਗ ਤੇ ਰੱਸ ਮਾਲਿਕ ਦੀ ਹਜ਼ੂਰੀ ਤੋਂ ਨਿਖੇੜ ਕੇ ਮਨ ਨੂੰ ਬਿਖੇ ਵੱਲ ਧਕੇਲ ਦੇਣ ਤਾਂ ਇਸ ਤੋਂ ਵੱਧ ਹੋਰ ਕੋਈ ਧੋਖਾ ਨਹੀਂ, ਜਿਸ ਨਾਲ ਮਨ ਸਦਾ ਗੰਦੇ-ਮੰਦੇ ਖਿਆਲਾਂ ਵਿੱਚ ਹੀ ਪਰਵਿਰਤ ਰਹਿੰਦਾ ਹੈ :—

> "ਰਤੇ ਰੰਗਿ ਪਾਰਬ੍ਰਹਮ ਕੈ, ਮਨ ਤਨੁ ਅਤਿ
> ਗੁਲਾਲੁ ॥ ਨਾਨਕ, ਵਿਣੁ ਨਾਵੈ ਆਲੂਦਿਆ,
> ਜਿਤੀ ਹੋਰੁ ਖਿਆਲੁ ॥ [ਪੰ: ੧੦੯੭

ਭਾਵੇਂ ਅਜੋਕੇ ਪ੍ਰਸਿੱਧ ਰਾਗੀ-ਜਥੇ ਆਪਣੇ ਵਾਜਿਆਂ ਤੇ ਮੋਟੇ ਅੱਖਰਾਂ ਵਿੱਚ 'ਹਜ਼ੂਰੀ ਰਾਗੀ' ਸ਼ਬਦਾਂ ਦੀ ਵਰਤੋਂ ਕਰਕੇ ਆਪਣੇ ਨਾਮ ਦੀ ਸ਼ੋਭਾ ਖੱਟਣ ਦਾ ਜਤਨ ਕਰਦੇ ਹਨ, ਪਰ ਅਜਿਹਾ ਸੰਕਲਪ ਛੇਤੀ ਹੀ ਵਿਕਲਪ ਦਾ ਰੂਪ ਧਾਰਨ ਕਰ ਜਾਂਦਾ ਹੈ। ਹਾਂ, ਜਿਹੜਾ ਰਾਗੀ, ਆਪਣੇ ਮਨ ਨੂੰ ਇਕ-ਸੁਰ ਕਰ ਕੇ ਸਰੋਤਿਆਂ ਨੂੰ ਗੁਰਬਾਣੀ ਦੇ ਕੀਰਤਨ ਦੁਆਰਾ ਸਾਈਂ ਨਾਲ ਅਭੇਦ ਕਰ ਦਿੰਦਾ ਹੋਵੇ, ਉਹ ਧੰਨਤਾ ਯੋਗ ਹੈ। ਜਿਸ ਦੇ ਹਿਰਦੇ ਵਿੱਚੋਂ ਬ੍ਰਿਹੋਂ ਭਰੀ ਗੁਰਬਾਣੀ ਦੀ ਹੇਕ ਨਿਕਲ ਕੇ ਸਰੋਤਿਆਂ ਦਾ ਸੀਨਾ ਵਿੰਨ੍ਹਦੀ ਹੋਵੇ, ਉਹ ਸਹੀ ਅਰਥਾਂ ਵਿਚ ਕੀਰਤਨ ਦੀ ਚੁੰਬਕ-ਸ਼ਕਤੀ ਨੂੰ ਅਨੁਭਵ ਕਰਾਉਂਦਾ ਹੈ, ਪਰ ਜਿਸ ਮਨੁਖ ਦਾ ਮਨ ਮਾਇਆ ਦੇ ਮੋਹ ਨਾਲ ਮਨੂਰ ਹੋਇਆ ਹੋਵੇ ਉਹ ਉਪਰੋਂ ਉਪਰੋਂ ਕੂੜੀ ਕੂੜੀ ਅੱਖੀਂ ਮੀਟ ਕੇ ਗਾ ਰਿਹਾ ਹੋਵੇ, ਉਸ ਨੂੰ 'ਹਜ਼ੂਰੀ ਰਾਗੀ' ਵਾਲਾ ਲੇਬਲ ਲਾਉਣਾ ਸ਼ੋਭਾ ਨਹੀਂ ਦਿੰਦਾ, ਕਿਉਂਕਿ ਇਹ ਬਹੁਤ ਘਾਟੇ ਵਾਲਾ ਸੌਦਾ ਹੈ। ਸਚ ਪੁਛੋ ਤਾਂ ਇਹ 'ਲੇਬਲ' ਇਕ ਪ੍ਰਕਾਰ ਦੀ ਉਪਾਧੀ ਹੈ, ਜੋ ਮਾਣ ਨੂੰ ਮਰਨ ਹੀ ਨਹੀਂ ਦਿੰਦੀ। ਸਰੀਰ ਦਾ ਸਾਰਾ ਤਾਣ ਲਾ ਕੇ ਤਾਨਾਂ ਕੱਢਣੀਆਂ, ਸ਼ਬਦਾਂ ਨੂੰ ਘੋਟਾ ਲਾ ਕੇ ਪਰਮਾਣ ਦੇਣੇ, ਇਹ ਸਭ ਕੁਝ ਵਿਖਾਵੇ ਦੀ ਨਿਸ਼ਾਨੀ ਹੈ। ਰਸਕ ਬੈਰਾਗੀ ਕੀਰਤਨੀਏ ਵਿਆਖਿਆ ਦੇ ਵਹਿਣ ਵਿੱਚ ਨਹੀਂ ਰੁੜ੍ਹਦੇ, ਉਨ੍ਹਾਂ ਦੀ ਸੁਰਤਿ ਪਰਮਾਣ ਲੱਭਣ ਲਈ ਨਹੀਂ ਜਾਂਦੀ, ਸੁਤੇ ਹੀ ਉਨ੍ਹਾਂ ਦੀ ਰਸਨਾ ਤੇ ਬਾਣੀ ਆਈ ਜਾਂਦੀ ਹੈ। ਇਹ ਠੀਕ ਹੈ ਕਿ ਰਾਗ ਦਾ ਪ੍ਰਭਾਵ ਮਨ ਨੂੰ ਇਕਾਗਰ ਕਰਨ ਵਿਚ ਸਹਾਈ ਹੁੰਦਾ ਹੈ, ਪਰ ਰਾਗ ਨਾਲ 'ਅਨਹਦ ਸ਼ਬਦ' ਨਹੀਂ ਵੱਜ ਸਕਦਾ, ਇਹ ਬਰਕਤ ਤਾਂ ਪ੍ਰਭੂ ਦੇ ਸਿਮਰਨ ਵਿੱਚ ਹੀ ਹੈ :—

> "ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ।
> ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥
> [ਪੰ: ੨੬੨

ਅਜਿਹਾ ਕੀਰਤਨ ਕੇਵਲ ਕੰਨਾਂ ਦੇ ਸ੍ਰਵਣ ਦਾ ਵਿਸ਼ਾ ਨਹੀਂ, ਸਗੋਂ ਗੁਰਬਾਣੀ ਨਾਲ ਪਰਸਣ ਦਾ ਸੁਹਜ-ਸੁਆਦ ਹੈ। ਜਦੋਂ ਸੁਰਤਿ ਸਰੀਰ ਤੋਂ ਉਤੇ ਉਠ ਜਾਏ ਤਾਂ ਸਹਿਜ-ਮੰਡਲ ਵਿੱਚ 'ਹਜ਼ੂਰੀ' ਅਨੁਭਵ ਹੁੰਦੀ ਹੈ। ਇਕੱਲਾ ਰਾਗ ਮਨ ਵਿੱਚ ਵਲਵਲਾ ਪੈਦਾ ਕਰ ਸਕਦਾ ਹੈ, ਧੁਨੀ ਮਨ ਦੇ ਧਿਆਨ ਨੂੰ ਆਪਣੇ ਵੱਲ ਖਿੱਚ ਸਕਦੀ ਹੈ, ਪਰ ਜਦੋਂ ਤਕ ਇਨ੍ਹਾਂ ਦਾ ਗੁਰਬਾਣੀ ਨਾਲ ਪੱਕਾ ਸੰਪਰਕ ਨਹੀਂ ਹੁੰਦਾ ਓਦੋਂ ਤੱਕ ਅਨੰਦ-ਮਈ ਮੰਡਲ ਦਾ ਦਰਸ਼ਨ ਨਹੀਂ ਹੁੰਦਾ।

ਹਜ਼ੂਰੀ ਕਿਸੇ ਮਜਬੂਰੀ (ਬੰਧਨ) ਦਾ ਨਾਉਂ ਨਹੀਂ ਅਤੇ ਨਾ ਹੀ ਇਸ ਵਿੱਚ ਸੰਸਾਰਕ ਡਰਾਂ ਦਾ ਡੇਰਾ ਹੁੰਦਾ ਹੈ। ਜਿਹੜਾ ਕੀਰਤਨੀਆ ਅਤੇ ਸੁਰਤਾ ਦੁਨਿਆਵੀ ਡਰਾਂ ਤੋਂ ਨਸਦਾ ਹੈ ਉਹ ਅਜੇ ਰੱਬੀ-ਹਜ਼ੂਰੀ ਤੋਂ ਦੂਰ ਵਸਦਾ ਹੈ, ਕਿਉਂਕਿ ਹਜ਼ੂਰ ਫੁਰਮਾਉਂਦੇ ਹਨ :—



www.AKJ.Org

"ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥
ਡਰੁ ਚੂਕਾ ਦੇਖਿਆ ਭਰਪੂਰਿ ॥"

ਸੋ ਕੀਰਤਨ-ਹਜ਼ੂਰੀ ਹਰ ਪ੍ਰਕਾਰ ਦੇ ਡਰ ਤੇ ਕਾਬੂ ਪਾਉਣ ਲਈ ਨਵਾਂ ਜੀਵਨ ਪ੍ਰਦਾਨ ਕਰਦੀ ਹੈ। ਕੀਰਤਨ-ਪ੍ਰੀਤੀ ਇਕਾਗਰ ਚਿੱਤ ਦੀ ਪ੍ਰਤੀਤੀ ਹੈ। ਜੇ ਇਸ ਨੂੰ ਸਾਰੇ ਦੁਖਾਂ ਕਲੇਸ਼ਾਂ ਤੇ ਕਾਬੂ ਪਾਉਣ ਦੀ ਕੁੰਜੀ ਆਖਿਆ ਜਾਏ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਹਰ ਪ੍ਰਕਾਰ ਦੀ ਬਦੀ ਬੀਮਾਰੀ ਕੀਰਤਨ-ਹਜ਼ੂਰੀ ਤੋਂ ਦੂਰ ਰਹਿੰਦੀ ਹੈ। ਇਥੋਂ ਨਿਰੀ ਭਰਸੇ ਵਾਲੀ ਜੀਵਨ ਅਗਵਾਈ ਮਿਲਦੀ ਹੈ :—

"ਅਗਾਹ ਕੂ ਤ੍ਰਾਘਿ, ਪਿਛਾ ਫੇਰਿ ਨ ਮੁੋਹਡੜਾ ॥
ਨਾਨਕ, ਸਿਝਿ ਇਵੇਹਾ ਵਾਰ, ਬਹੁੜਿ ਨ ਹੋਵੀ ਜਨਮੜਾ ॥" [ਪੰ. ੧੦੯੬

ਕੀਰਤਨ ਹਜ਼ੂਰੀ ਵਿੱਚ ਜਿਸ ਨੂੰ ਨਾਮ ਦਾ ਰੰਗ ਚੜ੍ਹਦਾ ਹੈ, ਉਹ ਮਾਇਆ ਦੀ ਮੰਗ ਨਹੀਂ ਕਰਦਾ। ਗੁਰਦੇਵ ਜੀ ਫੁਰਮਾਉਂਦੇ ਹਨ :—

ਪ੍ਰਭ ਦੇਖਦਿਆ ਦੁਖ ਭੁਖ ਗਈ, ਢਾਢੀ ਕਉ ਮੰਗਣੁ ਚਿਤਿ ਨ ਆਵੈ" [ਪੰ: ੧੦੯੭

ਕੀਰਤਨ ਵਿੱਚ ਹਜ਼ੂਰੀ ਦੀ ਲਖਤਾ ਓਦੋਂ ਪ੍ਰਾਪਤ ਹੁੰਦੀ ਹੈ ਜਦੋਂ ਰਸਨਾ ਸ਼ਬਦ ਦੀ ਗਾਇਕ, ਹਿਰਦਾ ਸ਼ਬਦ ਦਾ ਗਾਹਕ ਤੇ ਸੁਰਤਿ ਸ਼ਬਦ ਦੀ ਚਾਹਕ ਬਣ ਜਾਵੇ। ਅਜਿਹੀ ਅਵਸਥਾ ਵਾਲਾ ਕੀਰਤਨੀਆ ਦੁਨੀਆ ਦੇ ਮਨ-ਪਰਚਾਵੇ ਲਈ ਕੀਰਤਨ ਨਹੀਂ ਕਰਦਾ, ਉਹ ਆਪਣੇ ਸਤਿਗੁਰੂ ਨੂੰ ਸ਼ਬਦ ਰੂਪ ਫੁੱਲ ਭੇਟਾ ਕਰਦਾ ਹੋਇਆ, ਮਿਹਰ ਦੀ ਨਦਰ ਦਾ ਪਾਤਰ ਬਣਨਾ ਲੋਚਦਾ ਹੈ। ਕੀਰਤਨ ਸਮੇਂ ਜੇ ਕੀਰਤਨੀਆ ਜਾਂ ਸਰੋਤਾ ਇਧਰ ਉਧਰ ਵੇਖੇ ਤਾਂ ਸੁਰਤਿ ਦੇ ਟਿਕਾਉ ਵਿੱਚ ਵਿਘਨ ਪੈਂਦਾ ਹੈ। ਇਸ ਬਾਰੇ ਭਾਈ ਸਾਹਿਬ ਰਾਮ ਕਿਸ਼ਨ ਜੀ ਸਰਗੋਧੇ ਵਾਲਿਆਂ ਦੀ ਹਡ-ਬੀਤੀ ਘਟਨਾ ਖ਼ਾਸ ਤੌਰ ਤੇ ਵਰਨਣ-ਯੋਗ ਹੈ : —

ਗੁਰੂ ਘਰ ਦੇ ਸ਼ਰਧਾਲੂ ਸਿੱਖ ਇਸ ਗੱਲ ਤੋਂ ਭਲੀ-ਭਾਂਤਿ ਜਾਣੂ ਹਨ ਕਿ ਪਹਿਲਾਂ ਪਹਿਲ ਰਾਗ ਵਿਦਿਆ ਰਬਾਬੀਆਂ ਕੋਲ ਸੀ ਅਤੇ ਗੁਰ-ਅਸਥਾਨਾਂ ਤੇ ਰਬਾਬੀ ਹੀ ਕੀਰਤਨ ਕਰਦੇ ਹੁੰਦੇ ਸਨ। ਉਹ ਬਾਣੀ ਨਾਲੋਂ ਰਾਗ-ਤਾਲ ਤੇ ਵਧੇਰੇ ਮਿਹਨਤ ਕਰਦੇ ਸਨ। ਜਦੋਂ ਲੋਕਾਂ ਦੀ ਰੁਚੀ ਰਾਗ-ਤਾਲ ਦੀ ਚੰਚਲਤਾਈ ਤੋਂ ਤੰਗ ਪੈ ਗਈ ਤਾਂ ਕੀਰਤਨ ਵਿੱਚ ਇਤਿਹਾਸਕ ਪ੍ਰਸੰਗਾਂ ਦੀ ਵਿਆਖਿਆ ਕਰਨ ਵਾਲੀ ਲੜੀ ਚੱਲ ਪਈ। ਇਸੇ ਤਰ੍ਹਾਂ ਭਾਈ ਸਾਹਿਬ ਰਾਮ ਕਿਸ਼ਨ ਜੀ, ਜੋ ਕੀਰਤਨ ਨਾਲ ਅਤੀ ਪਿਆਰ ਕਰਦੇ ਸਨ, ਇਕ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੱਚੇ ਸੌਦੇ ਵਾਲੇ ਪ੍ਰਸੰਗ ਨਾਲ ਜੁੜ ਗਏ। ਰਬਾਬੀ ਜੱਥੇ ਨੇ ਜਦੋਂ ਉਕਤ ਪ੍ਰਸੰਗ ਅਰੰਭ ਕੀਤਾ ਤਾਂ ਭਾਈ ਸਾਹਿਬ ਸੁਰਤਿ ਦੇ ਟਿਕਾਉ ਨਾਲ ਹੀ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਵਿੱਚ ਜਾ ਅਪੜੇ। ਜਦੋਂ ਪ੍ਰਸੰਗ ਇਥੇ ਪਹੁੰਚਿਆ "ਕਿ ਪਿਤਾ ਕਾਲੂ ਨੇ ਗੁਰੂ ਬਾਬੇ ਜੀ ਦਾ ਸਾਰਾ ਹਾਲ-ਚਾਲ ਵੇਖਿਆ, ਆਪ ਜੀ ਨੇ ਰੁਪਏ ਸਾਧ-ਮਡਲੀ ਨੂੰ ਖੁਆ ਦਿੱਤੇ ਹਨ ਤਾਂ ਗੁੱਸੇ ਵਿਚ ਆਕੇ ਪਿਤਾ ਨੇ ਗੁਰੂ ਬਾਬਾ ਜੀ ਦੇ ਮੂੰਹ ਤੇ ਚਪੇੜਾਂ ਮਾਰੀਆਂ" ਤਾਂ ਭਾਈ ਸਾਹਿਬ ਬੜੇ ਬਿਹਬਲ ਹੋ ਕੇ ਰਬਾਬੀਆਂ ਦੇ ਅੱਗੇ ਜਾ ਖੜੋਤੇ ਅਤੇ ਕੀਰਨੇ ਪਾਉਣ ਲਗ ਪਏ। ਬ੍ਰਿਹੋਂ-ਭਰੀ ਸ਼ਬਦਾ-ਵਲੀ ਵਿੱਚ ਜੋ ਕੁਝ ਆਪ ਜੀ ਨੇ ਕਿਹਾ, ਉਹ ਭਾਈ ਸਾਹਿਬ ਵੀਰ ਸਿੰਘ ਜੀ ਨੇ 'ਸੰਤ ਗਾਥਾ' ਵਿੱਚ ਇਉਂ ਦਰਜ ਕੀਤਾ ਹੈ:

'ਓ ਬਾਬਾ ਕਾਲੂ ! ਹੇ ਬਾਬਾ ਕਾਲੂ !! ਨਾ ਮਾਰ, ਨ ਮਾਰ, ਸੋਹਣੇ ਨਾਨਕ ਨੂੰ, ਨਾ ਮਾਰ, ਬਾਬਾ ! ਰੁਪਏ ਮੈਥੋਂ ਲੈ ਲੈ, ਲੈ ਲੈ ਰੁਪਏ, ਵੀਹ, ਨਾ ਮਾਰ, ਮੇਰੇ ਸਤਿਗੁਰੂ ਨੂੰ, ਨਾ ਮਾਰ, ਬਾਬਾ ਕਾਲੂ ! ਨਾ ਮਾਰ"।

ਏਦਾਂ ਦੇ ਹਾੜ੍ਹੇ ਕਢਦੇ ਕਢਦ ਆਪ ਬੇਸੁੱਧ ਹੋ ਕੇ ਧਰਤੀ ਤੇ ਡਿਗ ਪਏ। ਸਤਿਸੰਗਤ ਵਿਚ ਸੰਨਾਟਾ ਛਾ ਗਿਆ। ਆਪ ਜੀ ਕਿੰਨਾ ਚਿਰ ਹੀ ਇਸੇ ਰੰਗ ਵਿਚ ਰਹੇ। ਜਦੋਂ ਉਸ ਮੰਡਲ ਵਿਚੋਂ ਸੁਰਤਿ ਪਰਤੀ ਤਾਂ 'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ" ਦੀ ਧੁਨੀ ਆਲਾਪਣ ਲਗ ਪਏ। ਇਹ ਹਜ਼ੂਰੀ ਦੇ ਕੀਰਤਨ-ਰੱਸ ਦਾ ਇਕ ਨਮੂਨਾ ਹੈ। ਖ਼ਾਲਸਾ ਪੰਥ ਵਿੱਚ ਅਜਿਹੀਆਂ ਬੇਅੰਤ ਗੁਰਮੁਖ ਆਤਮਾਵਾਂ ਹਨ ਜੋ ਸ਼ਬਦ-ਸੁਰਤਿ ਦੇ ਸੰਜੋਗ ਦਾ ਪਰਚਾ ਪਾ ਕੇ

[ਬਾਕੀ ਤੇਖੋ ਸਫ਼ਾ ੧੧ ]



www.AKJ.Org

# ਮੁਸੀਬਤ ਸਮੇਂ ਖ਼ਾਲਸਈ ਕਰਤੱਵ (੨)

[ ਵਲੋਂ:—ਸ: ਕਰਮ ਸਿੰਘ ਜੀ ਹਿਸਟੋਰੀਅਨ ]

ਉਸ ਸਮੇਂ ਦਾ ਕੋਈ ਇਤਿਹਾਸਕਾਰ ਇਸ ਗੁੰਝਲ ਨੂੰ ਸਾਫ਼ ਨਹੀਂ ਕਰ ਸਕਿਆ ਕਿ ਦਿੱਲੀ ਤੇ ਲਾਹੌਰ ਦਾ ਐਤਨਾ ਜਤਨ ਹੁੰਦਿਆਂ ਹੋਇਆਂ ਭੀ ਸਿੰਘ ਕਿਉਂ ਨਾ ਮੁੱਕੇ, ਜਾਂ ਸਰਕਾਰ ਦੇ ਅਨੁਸਾਰੀ ਕਿਉਂ ਨਾ ਹੋ ਗਏ। ਸੂਬੇ ਨੇ ਪੁਜ ਕੇ ਸਖ਼ਤੀ ਕਰ ਲਈ, ਪਰ ਸਖ਼ਤੀ ਦਾ ਸਿੱਟਾ ਕੁਝ ਨਾ ਨਿਕਲਿਆ, ਇਸ ਕਰਕੇ ਸੂਬਾ ਚੁਪ ਹੋ ਗਿਆ।

ਦਲੇਰ-ਜੰਗ ਦਾ ਪੁੱਤਰ ਖ਼ਾਨ ਬਹਾਦਰ ਜਦ ਲਾਹੌਰ ਦਾ ਸੂਬਾ ਹੋਇਆ, ਤਾਂ ਉਸ ਨੇ ਫੇਰ ਸਖ਼ਤੀ ਕਰਨੀ ਅਰੰਭੀ। ਉਸ ਨੇ ਕਾਇਦੇ ਨਾਲ ਪਿੰਡ ਪਿੰਡ ਨੂੰ ਸੋਧਿਆ ਤੇ ਚੁਣ ਚੁਣ ਕੇ ਸਿੰਘ ਮਾਰੇ। ਸਿੰਘ ਰਾਜ-ਦ੍ਰੋਹੀ ਸਮਝੇ ਜਾਂਦੇ ਸਨ, ਇਸ ਲਈ ਰਾਜ-ਦ੍ਰੋਹੀਆਂ ਦਾ ਖੁਰਾ ਖੋਜ ਮਿਟਾਣਾ ਹੀ ਹਕੂਮਤ ਦਾ ਕੰਮ ਸੀ। ਸਿੰਘਾਂ ਦੇ ਸਿਰਾਂ ਦੇ ਇਨਾਮ ਰਖੇ ਹੋਏ ਸਨ। ਪਿੰਡ ਪਿੰਡ ਸੂਹੀਏ ਫਿਰਦੇ ਸਨ, ਗਸ਼ਤੀ ਫ਼ੌਜਾਂ ਚੱਕਰ ਲਾਉਂਦੀਆਂ ਸਨ ਅਤੇ ਜਿਥੇ ਸਿੰਘਾਂ ਦਾ ਪਤਾ ਲਗਦਾ ਸੀ, ਜਾ ਸ਼ਿਕਾਰ ਕਰਦੀਆਂ ਸਨ।

ਖ਼ਾਨ ਬਹਾਦਰ ਇਸ ਤਰ੍ਹਾਂ ਸਿੰਘਾਂ ਨੂੰ ਮਿਟਾ ਰਿਹਾ ਸੀ, ਪਰ ਸਿੰਘ ਕੌੜੀ ਵੇਲ ਵਾਂਗ ਵਧਦੇ ਜਾਂਦੇ ਸਨ। ਜਿਉਂ ਜਿਉਂ ਸਿੰਘਾਂ ਉਤੇ ਸਖ਼ਤੀ ਹੁੰਦੀ ਸੀ, ਪਿੰਡਾਂ ਦੇ ਲੋਕੀ ਸਿੰਘਾਂ ਦੇ ਹਾਮੀ ਹੁੰਦੇ ਜਾਂਦੇ ਸਨ ਅਤੇ ਸਰਕਾਰ ਦੇ ਰਵਯੇ ਤੋਂ ਗੁੱਸੇ ਹੋ ਕੇ ਅਣਖ ਵਾਲੇ ਆਦਮੀ ਸਿੰਘ ਸਜਦੇ ਜਾਂਦੇ ਸਨ। ਖ਼ਾਨ ਬਹਾਦਰ ਆਪਣੀ ਵਲੋਂ ਐਤਨਾ ਜਤਨ ਕਰ ਰਿਹਾ ਸੀ, ਪਰ ਜਦ ਮਹਾਰਾਜਾ ਆਲਾ ਸਿੰਘ ਜੀ ਨੂੰ ਮੁਸਲਮਾਨਾਂ ਦੇ ਟਾਕਰ ਲਈ ਮਦਦ ਦੀ ਲੋੜ ਪਈ ਤਾਂ ਖ਼ਾਲਸਾ-ਦਲ ਹੁਮ-ਹੁਮਾਕੇ ਬਰਨਾਲੇ ਆ ਪੁਜਾ ਅਤੇ ਚਾਲੀ ਹਜ਼ਾਰ ਮੁਸਲਮਾਨੀ ਸੈਨਾ ਨੂੰ ਭਜਾ ਦਿਤਾ। ਹੈਰਾਨੀ ਹੈ ਕਿ

---

[ ੧੦ ਸਫੇ ਦੀ ਬਾਕੀ ]

ਸਤਿਗੁਰੂ ਨੂੰ ਰੀਝਾਉਂਦੀਆਂ ਹਨ। ਵੱਡੀ ਗੱਲ ਇਹ ਹੈ ਕਿ ਕੀਰਤਨ ਨੂੰ ਸਿੱਖ ਆਪਣਾ ਜੀਵਨ-ਅਧਾਰ ਬਣਾ ਲਵੇ, ਮਾਇਆ ਦਾ ਵਪਾਰ ਨ ਬਣਾਵੇ। ਇਸ ਨੂੰ, ਪੇਟ-ਪੂਰਤੀ ਦਾ ਸਾਧਨ ਨ ਸਮਝੇ, ਸਗੋਂ ਸ਼ਰਧਾ-ਭਾਵਨੀ ਸਹਿਤ ਆਪਣਾ ਆਪ ਸਮਰਪਨ ਕਰ ਕੇ, ਸਤਿਗੁਰੂ ਅੱਗੇ ਇਉਂ ਬੇਨਤੀ ਕਰੇ:—

"ਬਰਸੁ ਮੇਘ ਜੀ, ਤਿਲੁ ਬਿਲਮੁ ਨ ਲਾਉ॥ ਬਰਸੁ ਪਿਆਰੇ ਮਨਹਿ ਸਧਾਰੇ, ਹੋਇ ਅਨਦੁ ਸਦਾ ਮਨਿ ਚਾਉ॥ਰਹਾਉ॥ ਹਮ ਤੇਰੀ ਧਰ ਸੁਆਮੀਆ ਮੇਰੇ, ਤੂ ਕਿਉ ਮਨਹੁ ਵਿਸਾਰੇ॥ ਇਸਤ੍ਰੀ ਰੂਪ ਚੇਰੀ ਕੀ ਨਿਆਈ, ਸੋਭ ਨਹੀ ਬਿਨੁ ਭਰਤਾਰੇ॥੧॥ ਬਿਨਉ ਸੁਨਿਓ ਜਬ ਠਾਕੁਰ ਮੇਰੇ, ਬੇਗਿ ਆਇਓ ਕਿਰਪਾ ਧਾਰੇ॥ ਕਹੁ ਨਾਨਕ ਮੇਰੋ ਬਨਿਓ ਸੁਹਾਗੋ, ਪਤਿ ਸੋਭਾ ਭਲੇ ਆਚਾਰੇ॥੨॥੩॥੭॥ [ਪੰ: ੧੨੬੮

ਸਤਿਗੁਰੂ ਜੀ ਕਿਰਪਾ ਕਰਨ, ਅਸੀਂ ਹਜ਼ੂਰੀ ਵਿੱਚ ਰਹਿਣ ਦਾ ਅਭਿਆਸ ਪਕਾਈਏ। ਇਹਨਾਂ ਕਾਮ, ਕਰੋਧ, ਆਦਿਕ ਰੌਲਾ ਪਾਉਣ ਵਾਲੇ ਦੁੰਦਰਾਂ ਨੂੰ ਬੰਨ੍ਹ ਕੇ ਸੁੰਦਰ ਹਰੀ ਦਾ ਧਿਆਨ ਟਿਕਾਉਣ ਵਿੱਚ ਲਾਈਏ। ਨਾਮ, ਕੀਰਤਨ, ਪਾਠ ਆਦਿ ਸਭ ਸਾਈਂ ਦੀ ਹਜ਼ੂਰੀ ਵਿੱਚ ਵਸਣ ਲਈ ਤੰਤ ਸਾਧਨ ਹਨ, ਅਤੇ ਸਭ ਦੀ ਮਹੱਤਤਾ ਉਚੀ ਸੁਚੀ ਹੈ, ਇਨ੍ਹਾਂ ਵਿੱਚ ਕੋਈ ਭਿੰਨਤਾ ਨਹੀਂ ਹੈ। ਸੋ ਉਸ ਪ੍ਰਭੂ ਵਿਚ ਅਭੇਦ ਹੋਣ ਦੀ ਇਕੋ ਇਕ ਜੁਗਤੀ ਯਾਦ ਰਖੀਏ ਅਤੇ ਮਨ ਨੂੰ ਸਭ ਪਾਸਿਓਂ ਮੋੜ ਕੇ ਸਾਈਂ ਵੱਲ ਲਗਣ ਦੀ ਹੱਲਾ ਸ਼ੇਰੀ ਦੇਈਏ :—

"ਮਨ ਮੇਰੇ, ਸਦਾ ਹਰਿ ਵੇਖੁ ਹਦੂਰਿ॥
ਜਨਮ ਮਰਨ ਦੁਖੁ ਪਰਹਰੈ, ਸਬਦਿ ਰਹਿਆ ਭਰਪੂਰਿ॥

[ਪੰ: ੩੪

———



www.AKJ.Org

ਅਤਨਾ ਖ਼ਾਲਸਾ-ਦਲ ਖਾਨ-ਬਹਾਦਰ ਦੀ ਨਜ਼ਰ ਓਹਲੇ ਕੀਕੂੰ ਰਿਹਾ ਅਤੇ ਉਹ ਇਸ ਨੂੰ ਖੇਰੂ ਖੇਰੂ ਕਿਉਂ ਨਾ ਕਰ ਸਕਿਆ।

ਖ਼ਾਨ ਬਹਾਦਰ ਨੇ ਤਾਰਾ ਸਿੰਘ ਵਾਈਏਂ ਦੇ ਜਥੇ ਨੂੰ ਸ਼ਹੀਦ ਕਰ ਕੇ ਇਹ ਸਮਝ ਲਿਆ ਸੀ ਕਿ ਮੈਂ ਸਿੰਘਾਂ ਨੂੰ ਮੁਕਾ ਚੁਕਾ ਹਾਂ। ਪਰ ਇਸ ਸਮੇਂ ਸ਼ਹੀਦ ਬਾਬਾ ਦੀਪ ਸਿੰਘ ਜੀ ਕਈ ਹਜ਼ਾਰ ਸਿੰਘਾਂ ਸਣੇ ਮਹਾਰਾਜਾ ਆਲਾ ਸਿੰਘ ਜੀ ਦੀ ਸਹਾਇਤਾ ਨੂੰ ਗਏ ਹੋਏ ਸਨ। ਸਿੰਘਾਂ ਦੀ ਹੋਂਦ ਦਾ ਖ਼ਾਨ-ਬਹਾਦਰ ਨੂੰ ਕੇਵਲ ਓਦੋਂ ਪਤਾ ਲਗਾ, ਜਦ ਦਿੱਲੀਓਂ ਮੁੜਦੇ ਨਾਦਰਸ਼ਾਹ ਦਾ ਵਹੀਰ ਸਿੰਘਾਂ ਨੇ ਲੁਟ ਲਿਆ ਅਤੇ ਸੌ ਯਤਨ ਕਰਨ ਨਾਲ ਵੀ ਹੱਥ ਨਾ ਆਏ।

ਖ਼ਾਨ ਬਹਾਦਰ ਰੋਹ ਨਾਲ ਭਰ ਗਿਆ ਅਤੇ ਉਸ ਨੇ ਫੇਰ ਨਵੇਂ ਸਿਰਿਓਂ ਸਖ਼ਤੀ ਅਰੰਭੀ। ਇਹ ਨਾਦਰ ਤੋਂ ਇਕ ਸਾਲ ਪਹਿਲਾਂ ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਚੁਕਾ ਸੀ। ਸ੍ਰੀ ਹਰਿਮੰਦਰ ਸਾਹਿਬ ਜੀ ਉਤੇ ਸਰਕਾਰੀ ਕਬਜ਼ਾ ਸੀ ਤੇ ਹਰ ਇਕ ਚੌਧਰੀ ਨੂੰ ਕਰੜੀ ਤਾਕੀਦ ਸੀ ਕਿ ਆਪਣੇ ਆਪਣੇ ਇਲਾਕੇ ਵਿਚੋਂ ਚੁਣ ਕੇ ਸਿੰਘ ਫੜੇ ਅਤੇ ਲਾਹੌਰ ਪੁਚਾਏ। ਇਸ ਸਮੇਂ ਛੀਨਿਆਂ ਦਾ ਚੌਧਰੀ ਕਰਮਾ ਛੀਨਾ, ਤਲਵੰਡੀ ਦਾ ਚੌਧਰੀ ਰਾਮਾ ਰੰਧਾਵਾ, ਜੋਧ ਨਗਰੀ ਦਾ ਚੌਧਰੀ ਧਰਮਦਾਸ ਟੋਪੀ, ਜੰਡਿਆਲੇ ਦਾ ਚੌਧਰੀ ਸਰਨ ਦਾਸ ਹੰਦਾਲੀਆ, ਨੁਸ਼ਹਿਰੇ ਢਾਲੇ ਦਾ ਚੌਧਰੀ ਸਾਹਿਬ ਰਾਏ, ਮੰਡਿਆਲੀ ਦਾ ਮੱਸਾ ਰੰਗੜ, ਨੁਸ਼ਹਿਰੇ ਪੰਨੂਆਂ ਤੇ ਮਜੀਠੇ ਦੇ ਚੌਧਰੀ. ਸਿੰਘਾਂ ਦੇ ਵੈਰੀ ਹੋ ਰਹੇ ਸਨ। ਨਕਸ਼ਾ ਦੇਖਣ ਤੋਂ ਪਤਾ ਲਗ ਸਕਦਾ ਹੈ ਕਿ ਅੰਮ੍ਰਿਤਸਰ ਜੀ ਦੇ ਉਦਾਲੇ ਉਦਾਲੇ ਇਹ ਸਰਕਾਰੀ ਮਦਦਗਾਰਾਂ ਦਾ ਇਕ ਕੁੰਡਲ ਬੜਾ ਹੋਇਆ ਸੀ। ਇਸ ਕੁੰਡਲ ਦੀ ਕੇਵਲ ਇਕ ਕੜੀ ਟੁਟੀ ਹੋਈ ਸੀ, ਅਰਥਾਤ ਚੁਭਾਲੀਆ ਚੌਧਰੀ ਸਿੰਘਾਂ ਦਾ ਵੈਰੀ ਨਹੀਂ ਸੀ। ਸਿੰਘ ਨਾ-ਮਿਲਵਰਤਨੀਏ ਸਨ ਤੇ ਚੁਭਾਲੀਆ ਚੌਧਰੀ ਮਿਲਵਰਤਨੀਆ ਸੀ।

ਇਹੋ ਧਰਤੀ ਹਠੀ ਤੇ ਸਿਰੜੀ ਸਿੰਘ ਪੈਦਾ ਕਰਨ ਵਾਲੀ ਸੀ। ਸੋ ਇਸ ਦੇ [illegible] ਨੇ ਐਸਾ ਕੁੰਡਲ ਬਣਾ ਛੱਡਿਆ ਸੀ ਕਿ ਕੋਈ ਸਿੰਘ ਕਿਸੇ ਤਰ੍ਹਾਂ ਵੀ ਲੁਕ ਛਿਪ ਨਾ ਸਕਦਾ। ਇਹਨਾਂ ਚੌਧਰੀਆਂ ਨੂੰ ਸਹਾਇਤਾ ਦੇਣ ਵਾਲੇ ਸਰਕਾਰੀ ਸੂਹੀਏ ਅਤੇ ਗਸ਼ਤੀ ਫ਼ੌਜ ਦੇ ਸਿਪਾਹੀ ਸਨ। ਸਿੰਘਾਂ ਲਈ ਪੁਜ ਕੇ ਔਕੜ ਆ ਬਣੀ। ਲਾਚਾਰ ਹੋ, ਮਾਝਾ ਛੱਡ, ਮਾਲਵੇ ਚਲੇ ਗਏ। ਕਈ ਰਾਜਵਾੜਿਆਂ ਵਿਚ ਜਾ ਨੌਕਰ ਹੋਏ। ਜੈਪੁਰ ਤੀਕ ਸਿੰਘ ਚਲੇ ਗਏ ਅਤੇ ਮਾਝੇ ਵਿਚ ਕੋਈ ਬੇਮਲੂਮਾ ਹੀ ਸਿੰਘ ਰਹਿ ਗਿਆ।

ਇਹ ਓਹ ਸਮਾਂ ਸੀ ਜਦ ਮੱਸਾ ਰੰਘੜ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਕੰਜਰੀਆਂ ਦਾ ਨਾਚ ਕਰਵਾਉਂਦਾ ਹੁੰਦਾ ਸੀ। ਭਾਈ ਮਤਾਬ ਸਿੰਘ ਮੀਰਾਂ-ਕੋਟੀਏ ਨੇ ਜਦ ਜੈਪੁਰ ਵਿਚ ਪੰਥ ਦਾ ਇਹ ਹਾਲ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਐਸੀ ਬੇਅਦਬੀ ਹੁੰਦੀ ਸੁਣੀ ਤਾਂ ਖ਼ਾਲਸਈ ਕਰਤੱਵ ਨੇ ਹੁਲਾਰਾ ਮਾਰਿਆ। ਸਿੰਘ ਸ਼ਹੀਦ ਹੋਣ ਲਈ ਤੁਰ ਪਿਆ। ਆਪ ਦੇ ਨਾਲ ਭਾਈ ਸੁਖਾ ਸਿੰਘ ਮਾੜੀ ਕੰਬੋ ਵਾਲਾ ਵੀ ਤੁਰਿਆ ਅਤੇ ਦੋਹਾਂ ਨੇ ਆ ਕੇ ਮੱਸੇ ਰੰਘੜ ਦਾ ਸਿਰ ਵੱਢ ਦਿਤਾ। ਇਸ ਸਮੇਂ ਭਾਈ ਬੋਤਾ ਸਿੰਘ ਨੇ ਸ਼ਾਹੀ ਸੜਕ ਉਤੇ ਖੜੋ ਕੇ ਮਸੂਲ ਲੈਣਾ ਅਰੰਭ ਦਿਤਾ, ਅਤੇ ਸਾਬਤ ਕਰ ਦਿਤਾ ਕਿ ਸਿੰਘ ਮਰੇ ਨਹੀਂ, ਸਿੰਘ ਜੀਉਂਦੇ ਹਨ; ਸਿੰਘ ਡਰੇ ਨਹੀਂ, ਸਿੰਘ ਜਿਉਂ ਦੇ ਤਿਉਂ ਹਨ।

ਇਸ ਵੇਲੇ ਤੀਕ ਖ਼ਾਨ ਬਹਾਦਰ ਕੇਵਲ ਨਾ-ਮਿਲਵਰਤਨੀਏ ਸਿੰਘਾਂ ਦੇ ਹੀ ਉਲਟ ਸੀ, ਹੁਣ ਉਹ ਮਿਲਵਰਤਨੀਏ ਸਿੰਘਾਂ ਦੇ ਵੀ ਮਗਰ ਪੈ ਗਿਆ ਅਤੇ ਭਾਈ ਤਾਰੂ ਸਿੰਘ ਜੀ ਪੂਹਲੇ ਵਾਲਿਆਂ ਨੂੰ ਫੜ ਲਿਆ। ਪਰ ਇਸ ਸਮੇਂ ਆਪ ਵੀ ਮਰ ਗਿਆ। ਇਹ ਗੱਲ ਸਮਤ ੧੮੦੧ ਬਿਕ੍ਰਮੀ ਦੀ ਹੈ।

ਹੁਣ ਖ਼ਾਨ ਬਹਾਦਰ ਦਾ ਛੋਟਾ ਪੁੱਤਰ ਸ਼ਾਹ ਨਿਵਾਜ਼ ਖ਼ਾਂ ਸੂਬਾ ਬਣਿਆ। ਇਸ ਦਾ ਵਜ਼ੀਰ ਦੀਵਾਨ ਲਖਪਤਿ ਰਾਏ ਸੀ। ਇਹਨਾਂ ਨੇ ਇਹ ਪੱਕ ਧਾਰੀ ਕਿ ਸਿੰਘਾਂ ਦਾ ਖੁਰਾ ਖੋਜ ਮਿਟਾ ਦਿਤਾ ਜਾਵੇ। ਨਾ-ਮਿਲਵਰਤਨੀਏ ਕੀ ਤੇ ਮਿਲਵਰਤਨੀਏ ਕੀ, ਹੁਣ



www.AKJ.Org

ਸਿੰਘ ਦੇ ਅਰਥ ਹੀ ਬਾਗ਼ੀ ਹੋ ਗਏ ਤੇ ਸਿੰਘ ਮਾਤ੍ਰ ਦੀ ਕਤਲਾਮ ਸ਼ੁਰੂ ਹੋ ਗਈ। ਭਾਈ ਸੁਬੇਗ ਸਿੰਘ ਜੀ ਜੰਬਰ, ਪਕੇ ਮਿਲਵਰਤਨੀਏ ਸਨ। ਉਹਨਾਂ ਨੂੰ ਤੇ ਉਹਨਾਂ ਦੇ ਸਪੁਤਰ ਸ਼ਾਹਬਾਜ਼ ਸਿੰਘ ਜੀ ਨੂੰ ਚਰਖੜੀ ਉਤੇ ਚਾੜ੍ਹਿਆ ਗਿਆ। ਗਸ਼ਤੀ ਫ਼ੌਜ ਦੀ ਗਿਣਤੀ ਵਧਾਈ ਗਈ ਅਤੇ ਹਰ ਥਾਂ ਸਿੰਘਾਂ ਦੀ ਖੋਜ ਕੀਤੀ ਗਈ।

ਲਖਪਤਿ ਦੇ ਭਾਈ ਜਸਪਤਿ ਨੇ ਰਾਵੀ ਦੇ ਝੱਲ ਵਿਚੋਂ ਸਿੰਘਾਂ ਦਾ ਇਕ ਜਥਾ ਲੱਭਾ, ਜੋ ਗੁਜਰਾਂਵਾਲੇ ਵੱਲ ਹੋ ਤੁਰਿਆ। ਮਗਰ ਮਗਰ ਜਸਪਤਿ ਸੀ ਅਤੇ ਅਗੋਂ ਸ਼ੇਰਾ ਚੋਧਰੀ (ਜਿਸ ਦਾ ਕੋਟ ਸ਼ੇਰਾ ਹੈ) ਆਪਣੀ ਧਾੜ ਲੈ ਕੇ ਮਿਲ ਪਿਆ। ਸਿੰਘ ਕਈ ਦਿਨਾਂ ਦੇ ਭੁਖੇ ਭਾਣੇ ਗੱਖੜ ਦੇ ਪਾਸ ਬੱਦੋਕੀ-ਗੁਸਾਈਆਂ ਦੀ ਬਣੀ ਵਿਚ ਘੇਰੇ ਗਏ। ਲਾਚਾਰ ਹੋ ਕੇ ਉਹਨਾਂ ਹੱਲਾ ਕੀਤਾ ਅਤੇ ਜਸਪਤਿ ਨੂੰ ਮਾਰ ਲਿਆ। ਹੁਣ ਤਾਂ ਲਖਪਤਿ ਹੋਰ ਵੀ ਤੱਤਾ ਹੋ ਗਿਆ ਅਤੇ ਸਿਖ ਮਾਤ੍ਰ ਨੂੰ ਮਰਵਾਉਣ ਲਗ ਪਿਆ। ਹੁਕਮ ਦੇ ਦਿਤਾ ਕਿ ਕੋਈ ਗੁੜ ਨਾ ਆਖੇ, ਕਿਉਂਕਿ ਇਸ ਤੋਂ ਗੁਰ ਚੇਤੇ ਆਉਂਦਾ ਹੈ। ਲੋਕੀ ਰੋੜੀ ਆਖਦੇ ਸਨ। ਇਸ ਨੇ ਦਾਅਵਾ ਕੀਤਾ ਕਿ ਸਿਖ ਪੰਥ ਦਾ ਆਰੰਭ ਇਕ ਖੱਤਰੀ ਨੇ ਕੀਤਾ ਸੀ ਤੇ ਹੁਣ ਖੱਤਰੀ ਹੀ ਇਸ ਦਾ ਨਾਸ ਕਰੇਗਾ।

ਸਿਖੀ ਲਈ ਇਹ ਬੜਾ ਨਾਜ਼ਕ ਸਮਾਂ ਸੀ। ਪਿਛਲੇ ਤੀਹਾਂ ਸਾਲਾਂ ਤੋਂ ਸਿਖਾਂ ਦੀ ਕਤਲਾਮ ਹੋ ਰਹੀ ਸੀ। ਪਹਿਲਾਂ ਕੇਵਲ ਨਾ-ਮਿਲਵਰਤਨੀਏ ਹੀ ਮਾਰੀਦੇ ਸਨ, ਫੇਰ ਮਿਲਵਰਤਨੀਏ ਵੀ ਮਾਰੇ ਜਾਣ ਲਗੇ ਅਤੇ ਅੰਤ ਨੂੰ ਹੁਣ ਸਿਖ ਬਾਗੀ ਹੀ ਸਮਝੇ ਜਾਣ ਲਗ ਪਏ। ਗੁਰੂ ਦਾ ਨਾਮ ਲੈਣਾ, ਬਾਣੀ ਪੜ੍ਹਨੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਕਿਸੇ ਪੋਥੀ ਦਾ ਪਾਠ ਕਰਨਾ ਜਾਂ ਆਪਣੇ ਪਾਸ ਰੱਖਣੀ ਬਾਗੀ ਹੋਣ ਦੀ ਪੱਕੀ ਨਿਸ਼ਾਨੀ ਸੀ। ਜਦ ਸਖ਼ਤੀ ਐਥੋਂ ਤੀਕ ਵਧ ਜਾਏ ਤਾਂ ਕਿਸੇ ਕੌਮ ਦਾ ਜੀਉਂਦੇ ਰਹਿ ਸਕਣਾ ਕੋਈ ਸੌਖੀ ਜਿਹੀ ਗੱਲ ਨਹੀਂ ਹੁੰਦੀ।

ਲਖਪਤਿ ਨੇ ਐਸਾ ਦਾਅਵਾ ਕਿਉਂ ਕੀਤਾ ਕਿ ਸਿਖਾਂ ਦਾ ਖੁਰਾ ਖੋਜ ਮੈਂ ਮਿਟਾਵਾਂਗਾ? ਇਹ ਇਕ ਗ਼ਰੀਬ ਖੱਤਰੀ ਦਾ ਪੁਤਰ ਸੀ, ਪਰ ਜਦ ਤੋਂ ਇਸ ਨੇ ਗੁਰੂ ਸਾਹਿਬਾਂ ਉਤੇ ਨਿਸਚਾ ਕੀਤਾ ਤਦ ਤੋਂ ਇਸ ਦੀ ਪ੍ਰਭਤਾ ਵਧਣ ਲੱਗੀ। ਗੁਰਦੁਆਰਾ ਮਾਣਕ ਦੀ ਪਹਿਲੀ ਇਮਾਰਤ ਇਸ ਨੇ ਬਣਵਾਈ ਸੀ। ਖ਼ਾਨ ਬਹਾਦਰ ਦੇ ਸਮੇਂ ਇਹ ਤਕੜਾ ਅਹਿਲਕਾਰ ਸੀ। ਅਤੇ ਇਹ ਮਨ ਵਿਚ ਸਮਝੀ ਬੈਠਾ ਸੀ ਕਿ ਜੇਕਰ ਮੈਂ ਕੁਝ ਲਾ-ਪਰਵਾਹੀ ਨਾ ਕਰੀ ਜਾਂਦਾ ਤਾਂ ਅਜ ਤੀਕ ਸਿਖੀ ਦਾ ਨਾਮ ਨਹੀਂ ਰਹਿਣਾ ਸੀ। ਸਿਖੀ ਜੇਕਰ ਹੁਣ ਤੀਕ ਬਚ ਰਹੀ ਹੈ ਤਾਂ ਕੇਵਲ ਮੇਰੀ ਇਸ ਇਛਾ ਕਰਕੇ ਹੀ ਬਚ ਰਹੀ ਹੈ ਕਿ ਸਿਖ ਮੂਲੋਂ ਹੀ ਕੁਚਲੇ ਨਾ ਜਾਣ। ਪਰ ਹੁਣ ਜਦ ਕਿ ਸਿਖ ਮੇਰੇ ਸਿਰ ਹੋ ਗਏ ਹਨ ਤਾਂ ਮੈਂ ਦਾਸਾਂਗਾ ਕਿ ਇਹ ਕਿਸ ਤਰ੍ਹਾਂ ਝਟ ਪਟ ਮੁਕਾਏ ਜਾ ਸਕਦੇ ਹਨ।

ਇਸ ਵਿਚਾਰੇ ਲਖਪਤਿ ਨੂੰ ਇਹ ਪਤਾ ਨਹੀਂ ਸੀ ਕਿ ਸਿਖਾਂ ਦਾ ਵਾਧਾ ਉਸ ਦੀ ਕੱਚੀ ਇਛਾ ਕਰਕੇ ਨਹੀਂ ਸਗੋਂ ਉਹਨਾਂ ਕਰਤਵਾਂ ਦੇ ਕਾਰਨ ਹੋ ਰਿਹਾ ਸੀ ਜਿਨ੍ਹਾਂ ਦੀ ਜਾਗ ਸ੍ਰੀ ਦਸਮੇਸ਼ ਜੀ ਲਾ ਗਏ ਸਨ। ਕਈ ਕੱਚੇ ਸ਼ੁਭ-ਚਿੰਤਕ ਇਹ ਸਮਝਦੇ ਹਨ ਕਿ ਕੌਮ ਨੂੰ ਫਲਾਣੀ ਫਲਾਣੀ ਔਕੜ ਤੋਂ ਅਸਾਂ ਬਚਾਇਆ ਹੈ, ਜੇਕਰ ਅਸੀਂ ਐਸਾ ਚਿਤਵਦੇ ਜਾਂ ਐਸਾ ਨਾ ਕਰਦੇ ਤਾਂ ਕੌਮ ਨੇ ਗ਼ਰਕ ਹੋ ਜਾਣਾ ਸੀ। ਉਹਨਾਂ ਨੂੰ ਚੇਤੇ ਰਖਣਾ ਚਾਹੀਦਾ ਹੈ ਕਿ ਲਖਪਤਿ ਵੀ ਇਹੋ ਕੁਝ ਸਮਝਦਾ ਸੀ। ਜਦ ਲਖਪਤਿ ਆਪਣਾ ਜ਼ੋਰ ਲਾ ਥੱਕਾ, ਤਾਂ ਉਸ ਨੂੰ ਪਤਾ ਲਗ ਗਿਆ ਕਿ ਸਿਖਾਂ ਦੇ ਵਾਧੇ ਦਾ ਕਾਰਨ ਕੁਝ ਹੋਰ ਹੀ ਸੀ।

ਲਖਪਿਤ ਭਾਰੀ ਸੈਨਾ ਤੇ ਲੜਾਈ ਦਾ ਸਾਮਾਨ ਲੈ ਕੇ ਸਿੰਘਾਂ ਦੇ ਮਗਰ ਲਗਾ। ਭਾਵੇਂ ਤੀਹਾਂ ਬੱਤੀਆਂ ਸਾਲਾ ਤੋਂ ਸਿੰਘ ਤਲਵਾਰ ਦੀ ਧਾਰ ਹੇਠ ਸਨ, ਪਰ ਤਦ ਵੀ ਪੰਜਾਹ ਹਜ਼ਾਰ ਤੀਕ ਇਹਨਾਂ ਦੀ ਗਿਣਤੀ ਅਪੜ ਚੁਕੀ ਸੀ, ਜਦ ਕਿ ਸਰਕਾਰ ਵਲੋਂ ਐਤਨੀ ਸਖ਼ਤੀ ਹੋ ਰਹੀ ਹੋਵੇ ਕਿ ਸਿੰਘ ਕੀੜੀ ਮਰ ਜਾਣ ਦੇ ਤੁਲ ਸਮਝਿਆ ਜਾਂਦਾ ਹੋਵੇ ਅਤੇ ਜੋ ਸਿੰਘ ਫੜਿਆ ਜਾਵੇ ਉਸੇ ਵੇਲੇ ਮਾਰ ਦਿਤਾ ਜਾਂਦਾ ਹੋਵੇ, ਐਸ ਤਰ੍ਹਾਂ ਰੋਜ਼ ਘਟ ਘਟ ਕੇ ਵੀ ਅਤੇ ਤੀਹ ਬਤੀ ਸਾਲ ਐਸੀ ਕਤਲਾਮ ਸਹਾਰ ਕੇ ਵੀ ਪੰਜਾਹ ਹਜ਼ਾਰ ਸਿਰ ਵਾਰਨ



www.AKJ.Org

ਵਾਲੇ ਸਿੰਘਾਂ ਦਾ ਨਿਕਲ ਆਉਣਾ ਕੋਈ ਨਿਕੀ ਜਿਹੀ ਗੱਲ ਨਹੀਂ ਸੀ।

ਸੁਖ ! ਲਖਪਤਿ ਨੇ ਚੜ੍ਹਾਈ ਕੀਤੀ ਅਤੇ ਰਾਵੀ ਦੇ ਝਲ ਵਿਚ ਵੜ ਕੇ ਸਿੰਘਾਂ ਨੂੰ ਪਹਾੜ ਤੀਕ ਧਕੀ ਗਿਆ। ਸਿੰਘ ਪਹਾੜੋਂ ਹਟ ਕੇ ਫੇਰ ਪਿਛੇ ਹਟੇ ਅਤੇ ਲੜਦੇ ਭਿੜਦੇ ਮਾਲਵੇ ਨੂੰ ਚਲੇ ਗਏ। ਇਹ ਸਿਖ ਇਤਿਹਾਸ ਦਾ ਛੋਟਾ ਘਲੂ-ਘਾਰਾ ਹੈ, ਜਿਸ ਵਿਚ ਉਸ ਸਮੇਂ ਦੇ ਖ਼ਿਆਲ ਅਨੁਸਾਰ ਤੀਹ ਚਾਲੀ ਹਜ਼ਾਰ ਖ਼ਾਲਸਾ ਸ਼ਹੀਦ ਹੋਇਆ ਅਤੇ ਸਿੰਘਾਂ ਦੀ ਗਿਣਤੀ ਬਹੁਤ ਥੋੜੀ ਰਹਿ ਗਈ।

ਸਿੰਘਾਂ ਲਈ ਇਹ ਬੜੀ ਭਾਰੀ ਸੱਟ ਸੀ। ਸਚ ਤਾਂ ਇਹ ਹੈ ਕਿ ਜੇਕਰ ਸਿੰਘਾਂ ਦੀ ਥਾਂ ਕੋਈ ਹੋਰ ਕੌਮ ਹੁੰਦੀ ਤਾਂ ਐਸੀ ਕਰੜੀ ਸਟ ਨਾਲ ਜ਼ਰੂਰ ਮਰ ਹੀ ਜਾਂਦੀ। ਪਰ ਸਿੰਘਾਂ ਨੇ ਦਿਲ ਨਹੀਂ ਡੁਲਾਇਆ, ਸਗੋਂ ਇਸ ਸਮੇਂ ਵੀ ਚੜ੍ਹਦੀਆਂ ਕਲਾਂ ਵਿਚ ਹੀ ਰਹੇ। ਜੇਕਰ ਇਤਿਹਾਸ ਨੂੰ ਵਖਿਆ ਜਾਵੇ ਤਾਂ ਇਹ ਸਿਧ ਹੁੰਦਾ ਹੈ ਕਿ ਛੋਟੇ ਘਲੂਘਾਰੇ ਤੋਂ ਮਗਰੋਂ ਸਿੰਘਾਂ ਦੀ ਤਾਕਤ ਦਿਨੋਂ ਦਿਨ ਵਧਣ ਲਗ ਪਈ, ਜਿਸ ਦਾ ਪ੍ਰਤੱਖ ਨਮੂਨਾ ਇਹ ਹੈ ਕਿ ਇਸ ਤੋਂ ਡੇਢ ਕੁ ਸਾਲ ਮਗਰੋਂ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ ਜੀ ਰਾਮਰੌਣੀ ਦੀ ਗੜ੍ਹੀ ਬਣਾ ਲਈ।

ਪਰ ਸਿੰਘਾਂ ਦੀਆਂ ਔਕੜਾਂ ਦਾ ਅਜੇ ਅੰਤ ਨਹੀਂ ਹੋਇਆ। ਇਹਨਾਂ ਦੇ ਦਿਲਾਂ ਦੀ ਪਰਖ ਲਈ ਅਜੇ ਹੋਰ ਇਮਤਿਹਾਨਾਂ ਦੀ ਲੋੜ ਸੀ। ਹੁਣ ਸਮਾਂ ਆਇਆ ਮੀਰ ਮਨੂੰ ਦਾ, ਜਿਸਨੇ ਅਹਿਮਦਸ਼ਾਹ ਅਬਦਾਲੀ ਨੂੰ ਭਾਂਜ ਦੇ ਕੇ ਲਾਹੌਰ ਤੇ ਮੁਲਤਾਨ ਦੀ ਹਕੂਮਤ ਲਈ ਸੀ। ਇਸ ਨੇ ਆਉਂਦਿਆਂ ਹੀ ਰਾਮਰੌਣੀ ਨੂੰ ਘੇਰ ਲਿਆ, ਪਰ ਫੇਰ ਨੀਤੀ ਦੇ ਖ਼ਿਆਲ ਤੇ ਸਿੰਘਾਂ ਨਾਲ ਸਫ਼ਾਈ ਕਰ ਲਈ। ਕੁਝ ਪਿੰਡ ਰਾਮਰੌਣੀ ਦੀ ਜਗੀਰ ਵਜੋਂ ਲਾ ਦਿਤੇ ਅਤੇ ਸਿੰਘਾਂ ਨੂੰ ਆਪਣੀ ਸਹਾਇਤਾ ਉਤੇ ਲੈ ਕੇ ਮੁਲਤਾਨ ਦੇ ਸੂਬੇ ਸ਼ਾਹਨਿਵਾਜ਼ ਖਾਂ ਨੂੰ ਜਾ ਮਾਰਿਆ। ਫੇਰ ਜਦ ਅਹਿਮਦ ਸ਼ਾਹ ਲਾਹੌਰ ਉਤੇ ਚੜ੍ਹ ਆਇਆ ਤਾਂ ਸਿੰਘਾਂ ਨੇ ਉਸ ਸਮੇਂ ਵੀ ਮੀਰ-ਮਨੂੰ ਵਲੋਂ ਹੋ ਕੇ ਅਹਿਮਦਸ਼ਾਹ ਦਾ ਟਾਕਰਾ ਕੀਤਾ। ਇਸ ਸਮੇਂ ਕੌੜਾ ਮਲ ਮਾਰਿਆ ਗਿਆ, ਜੋ ਸੂਬੇ ਤੇ ਸਿੰਘਾਂ ਦੇ ਵਿਚਕਾਰ ਇਕ ਸੰਗਲੀ ਸੀ। ਇਹ ਸੰਗਲੀ ਟੁਟ ਗਈ ਅਤੇ ਹਕੂਮਤ ਆਪਣੀ ਗੌਂ ਵੀ ਪੂਰੀ ਕਰ ਚੁਕੀ ਸੀ। ਸੋ ਝਟ ਆਪਣੇ ਅਸਲੀ ਰੰਗ ਵਿਚ ਆਈ ਅਤੇ ਸਿੰਘਾਂ ਦੀ ਕਤਲਾਮ ਸ਼ੁਰੂ ਕਰ ਦਿਤੀ। ਇਹ ਗੱਲ ੧੮੦੯ ਦੀ ਹੈ।

ਇਹ ਸਿੰਘਾਂ ਦੀ ਆਖ਼ਰੀ ਕਤਲਾਮ ਸੀ, ਪਰ ਪਹਿਲੀਆਂ ਕਤਲਾਮਾਂ ਨਾਲੋਂ ਬੜੀ ਕਰੜੀ ਸੀ। ਸਿੰਘਾਂ ਨੇ ਕੇਵਲ ਤਿੰਨ ਸਾਲ ਅਰਾਮ ਕੀਤਾ ਸੀ ਕਿ ਹਕੂਮਤ ਆਪਣੇ ਬਚਨ ਤੋਂ ਫਿਰ ਗਈ ਅਤੇ ਜਿਨ੍ਹਾਂ ਨੂੰ ਮਿਤਰ ਆਖਦੀ ਤੇ ਜਗੀਰਾਂ ਦੇਂਦੀ ਸੀ ਉਹਨਾਂ ਨੂੰ ਹੀ ਬਾਗੀ ਕਹਿ ਕੇ ਮਾਰਨ ਲਗ ਪਈ।

ਛੋਟੇ ਘੱਲੂ-ਘਾਰੇ ਤੀਕ ਜੋ ਦਲ ਵਿਚ ਰਹਿਣ ਵਾਲੇ ਸਿੰਘ ਸਨ ਉਹਨਾਂ ਲਈ ਜ਼ਰੂਰੀ ਸੀ ਕਿ ਉਹ ਜਥੇ ਦੀ ਆਗਿਆ ਤੋਂ ਬਿਨਾਂ ਆਪਣੇ ਘਰ ਨਾ ਜਾਇਆ ਕਰਨ ਅਤੇ ਜੇਕਰ ਆਗਿਆ ਲੈ ਕੇ ਵੀ ਜਾਣ ਤਾਂ ਵਾਪਸ ਆ ਕੇ ਜਦ ਤੀਕ ਤਨਖਾਹ ਨਾ ਬਖਸ਼ਾ ਲੈਣ ਤਦ ਤੀਕ ਜਥੇ ਵਿਚ ਸ਼ਾਮਲ ਨਾ ਕੀਤੇ ਜਾਣ। ਪਰ ਮੀਰ-ਮਨੂੰ ਦੇ ਸਮੇਂ ਗ੍ਰਿਹਸਤੀ ਸਿੰਘ ਭੀ ਤਿਆਰ ਬਰ-ਤਿਆਰ ਹੋ ਗਏ ਜੋ 'ਦਲ' ਨਾਲ ਤਾਂ ਨਹੀਂ ਰਹਿੰਦੇ ਸਨ, ਪਰ ਅਸੂਲ ਦੇ ਲਿਹਾਜ਼ ਨਾਲ ਨਾ-ਮਿਲਵਰਤਨੀਏ ਹੀ ਸਨ।

ਹੁਣ ਜਦ ਮੀਰ-ਮਨੂੰ ਨੇ ਕਤਲਾਮ ਸ਼ੁਰੂ ਕੀਤੀ ਤਾਂ ਗ੍ਰਿਹਸਤੀ ਖ਼ਾਲਸੇ ਉਤੇ ਵੀ ਮੁਸੀਬਤ ਆਈ। ਦਿਨਾਂ ਵਿਚ ਹੀ ਪਿੰਡਾਂ ਦੇ ਸਿੰਘ-ਘਰਾਣੇ ਚੁਣ ਲਏ ਗਏ ਅਤੇ ਰਹਿੰਦੇ ਸਿੰਘ ਤੇ ਸਿੰਘਣੀਆਂ ਝਲਾਂ ਵਿਚ ਜਾ ਵੜੇ। ਮੀਰ ਮਨੂੰ ਨੇ ਸਿੰਘਣੀਆਂ ਨੂੰ ਫੜ ਫੜ ਕੇ ਬੜੀ ਬੇਤਰਸੀ ਨਾਲ ਕਤਲ ਕਰਵਾਇਆ। ਉਹਨਾਂ ਨੂੰ ਚੱਕੀ ਦੀ ਮੁਸ਼ੱਕਤ ਦਿਤੀ, ਉਹਨਾਂ ਦੇ ਸਾਹਮਣੇ ਉਹਨਾਂ ਦੇ ਬੱਚੇ ਕਤਲ ਕੀਤੇ ਅਤੇ ਅੰਤ ਉਹਨਾਂ ਨੂੰ ਵੀ ਮਾਰ ਦਿਤਾ, ਪਰ ਇਕ ਨੇ ਵੀ ਇਹ ਨਾ ਆਖਿਆ ਕਿ ਮੇਰਾ ਸੰਬੰਧ ਖਾਲਸਾ ਪੰਥ ਨਾਲ ਨਹੀਂ। ਸਿੰਘ ਫੜੇ ਆਉਂਦੇ ਅਤੇ ਮੰਡੀ ਵਿਚ ਜਮ੍ਹਾ ਕਰ ਕੇ ਮਾਰੇ ਜਾਂਦੇ। ਸਿਰ ਵਢੇ ਜਾਂਦੇ ਜਾਂ ਰੂੰ ਵਿਚ ਵਲ੍ਹੇਟ ਕੇ ਤੇ ਤੇਲ ਪਾ ਕੇ ਜੀਉਂਦੇ ਸਾੜੇ ਜਾਂਦੇ। ਇਹਨਾਂ ਸ਼ਹੀਦਾਂ ਦੇ ਸਿਰਾਂ ਨਾਲ ਕਈ ਖੂਹ ਭਰੇ ਗਏ, ਕਈ ਮੁਨਾਰੇ ਚਿਣੇ ਗਏ।



www.AKJ.Org

ਟਿਨ੍ਹਾਂ ਨਾਲ ਐਤਨੀ ਸਖ਼ਤੀ ਹੋਈ ਕਿ ਇਨ੍ਹਾਂ ਤਿੰਨਾਂ ਸਾਲਾਂ ਵਿਚ ਕਈ ਹਜ਼ਾਰ ਸਿੰਘ ਸਿੰਘਣੀਆਂ ਦੇ ਸੀਸ ਲਗੇ। ਪਰ ਸਿੰਘ ਸਿਰੜੀ ਬਹੁਤ ਹੋ ਗਏ ਅਤੇ ਹਕੂਮਤ ਨਾਲ ਸ਼ਰੀਕਾ ਕਰਨ ਦੇ ਯੋਗ ਹੋ ਗਏ।

ਹੁਣ ਸਿੰਘ ਕੋੜੀ ਵੇਲ ਵਾਂਗ ਵਧਦੇ ਗਏ ਤੇ ਮਲਾਂ ਮਲਣ ਲਗ ਪਏ। ਆਉਂਦੇ ਛੇ ਸਾਲਾਂ ਵਿਚ ਸਿੰਘ ਐਤਨੇ ਤਕੜੇ ਹੋ ਗਏ ਕਿ ਅਹਿਮਦਸ਼ਾਹ ਅਬਦਾਲੀ ਜਿਸਨੇ ਸੰਮਤ ੧੮੧੭ ਵਿਚ ਤਿੰਨ ਲਖ ਮਰਹਟਾ ਸੈਨਾ ਨੂੰ ਮਿਟੀ ਨਾਲ ਮਿਲਾ ਕੇ ਮਰਹਟਿਆਂ ਦਾ ਲੱਕ ਤੋੜ ਦਿਤਾ ਸੀ, ਥੋੜੇ ਹੀ ਮਹੀਨਿਆਂ ਮਗਰੋਂ ਉਸਨੂੰ ਸਿੰਘਾਂ ਦੀ ਤਾਕਤ ਤੋੜਨ ਲਈ ਫਿਰ ੧੮੧੮ ਵਿਚ ਪੰਜਾਬ ਆਉਣਾ ਪਿਆ। ਅਬਦਾਲੀ ਏਕਾ-ਏਕ ਸਿੰਘਾਂ ਉਤੇ ਪਿਆ, ਅਤੇ ਕੁਪਹਰੀੜੇ ਦੇ ਮੈਦਾਨ ਵਿਚ ਸਿੰਘਾਂ ਨੂੰ ਘੇਰ ਲਿਆ। ਸਾਹਮਣੇ ਅਹਿਮਦ ਸ਼ਾਹ ਸੀ ਤੇ ਪਿਛੇ ਜ਼ੈਨ ਖ਼ਾ ਹਾਕਮ ਸਰਹੰਦ, ਅਤੇ ਭੀਖਣ ਖ਼ਾਂ ਨਵਾਬ ਮਲੇਰ ਕੋਟਲਾ, ਅਤੇ ਸਿੰਘ ਦੋਹਾਂ ਫ਼ੌਜਾਂ ਦੇ ਵਿਚਾਲੇ ਸਨ। ਸਿੰਘ ਲੜਦੇ ਗਏ ਅਤੇ ਪਿਛੇ ਹਟਦੇ ਗਏ। ਜਦ ਦੁਪਹਿਰ ਹੋ ਗਈ ਤਾਂ ਤੁਰਕਾਨੀ ਸੈਨਾ ਪਿਛੇ ਹਟ ਗਈ, ਅਤੇ ਅਬਦਾਲੀ ਨੇ ਸਮਝਿਆ ਕਿ ਮੈਂ ਮਰ-ਹੱਟਿਆਂ ਵਾਂਗ ਸਿੰਘਾਂ ਦਾ ਐਸਾ ਲੱਕ ਤੋੜ ਚਲਿਆ ਹਾਂ ਕਿ ਆਉਂਦੇ ਕਈ ਸਾਲਾਂ ਤੀਕ ਇਹ ਸਿਰ ਨਹੀਂ ਚੁਕ ਸਕਣਗੇ।

ਪਰ ਇਹ ਇਸ ਦੀ ਭੁੱਲ ਸੀ। ਖ਼ਾਲਸੇ ਨੂੰ ਨਿਰ-ਸੰਦੇਹ ਬੜੀ ਭਾਰੀ ਸੱਟ ਵੱਜੀ ਸੀ (ਉਸ ਸਮੇਂ ਦੇ ਖ਼ਿਆਲ ਅਨੁਸਾਰ ਪੰਜਾਹ ਹਜ਼ਾਰ ਖ਼ਾਲਸਾ ਸ਼ਹੀਦ ਹੋ ਗਿਆ ਸੀ) ਪਰ ਖ਼ਾਲਸੇ ਦਾ ਦਿਲ ਨਹੀਂ ਡੋਲਿਆ ਸੀ। ਜਦ ਸੰਝ ਨੂੰ ਖ਼ਾਲਸਾ ਇਕੱਠਾ ਹੋਇਆ ਤਾਂ ਇਕ ਸਿੰਘ ਨੇ ਗੱਜ ਕੇ ਆਖਿਆ ਕਿ ਜੋ ਖੋਟ ਸੀ ਸੋ ਨਿਕਲ ਗਿਆ ਹੈ, ਹੁਣ ਤਤ ਖ਼ਾਲਸਾ ਹੀ ਰਹਿ ਗਿਆ ਹੈ। ਜਿਸ ਕੌਮ ਦਾ ਮੁਸੀਬਤ ਵੇਲੇ ਐਸਾ ਸਾਹਸ ਹੋਵੇ ਉਹ ਕੌਮ ਕਦੇ ਡੋਲ ਨਹੀਂ ਸਕਦੀ, ਕਿਸੇ ਮੈਦਾਨ ਹਾਰ ਨਹੀਂ ਸਕਦੀ।

ਸਿੰਘਾਂ ਦੀ ਇਹ ਆਖ਼ਰੀ ਅਜ਼ਮੈਸ਼ ਸੀ। ਇਹ ਮੁਸੀਬਤ ਦੀ ਕੁਠਾਲੀ ਦਾ ਆਖ਼ਰੀ ਚਰਖ ਸੀ ਜਿਸ ਵਿਚੋਂ ਖ਼ਾਲਸਾ ਕੁੰਦਨ ਬਣ ਕੇ ਨਿਕਲਿਆ। ਹੁਣ ਕਰਤਾਰ ਦਾ ਆਸਰਾ ਸੀ ਜਾਂ ਖ਼ਾਲਸੇ ਦੀ ਤਲਵਾਰ। ਅਗਲੇ ਹੀ ਸਾਲ ਕਸੂਰ ਮਾਰ ਲਈ, ਫਿਰ ਸਰਹੰਦ ਨੂੰ ਜਾ ਮਲਿਆ ਅਤੇ ਇਸ ਤੋਂ ਮਗਰੋਂ ਖ਼ਾਲਸਾ ਅਟਕ ਤੋਂ ਲੈ ਕੇ ਅਵਧ ਦੀ ਸਰਹੱਦ ਤੀਕ ਖਿੱਲਰ ਗਿਆ।

ਪੁਰਾਣੇ ਸਭ ਜਥੇਦਾਰ ਸੁਰਗਵਾਸ ਹੋ ਚੁਕੇ ਸਨ। ਕੇਵਲ ਸਰਦਾਰ ਸ਼ਾਮ ਸਿੰਘ ਨਾਰਲੇ ਵਾਲਾ ਜੀਉਂਦਾ ਸੀ। ਇਸ ਨੇ ਬੰਦੇ ਬਹਾਦਰ ਦਾ ਸਮਾਂ ਵੇਖਿਆ ਸੀ, ਅਤੇ ਇਸ ਤੋਂ ਮਗਰੋਂ ਜੋ ਔਕੜਾਂ ਪੰਥ ਤੇ ਆਈਆਂ ਸਨ ਉਹ ਸਭ ਇਸ ਦੇ ਸਰੀਰ ਉਤੋਂ ਦੀ ਲੰਘੀਆਂ ਸਨ। ਸਰਦਾਰ ਸ਼ਾਮ ਸਿੰਘ ਦਸ ਬਾਰ੍ਹਾਂ ਹਜ਼ਾਰ ਸਿੰਘਾਂ ਦੀ ਮਿਸਲ ਦਾ ਮਾਲਕ ਸੀ। ਇਸ ਨੇ ਸਿੰਘਾਂ ਦੀ ਚੜ੍ਹਦੀ ਕਲਾ ਵੀ ਵੇਖ ਲਈ ਅਤੇ ਆਪਣੀ ਅੱਖੀਂ ਮੁਗ਼ਲਾਂ ਦਾ ਰਾਜ ਨਸ਼ਟ ਹੁੰਦਾ ਵੀ ਵੇਖਿਆ। ਡੇਢ ਲੱਖ ਖ਼ਾਲਸੇ ਨੇ ਚੜ੍ਹਾਈ ਕੀਤੀ ਜਿਨ੍ਹਾਂ ਦਾ ਜਥੇਦਾਰ ਇਸੇ ਦੀ ਮਿਸਲ ਦਾ ਸਰਦਾਰ ਬਘੇਲ ਸਿੰਘ ਚੁਭਾਲੀਆ ਸੀ। ਖ਼ਾਲਸੇ ਨੇ ਦਿੱਲੀ ਜਾ ਮਾਰੀ, ਕਾਸਗੰਜ ਤੀਕ ਸਭ ਇਲਾਕਾ ਉਗਰਾਹ ਲਿਆ, ਚੰਦੋਸੀ ਤੀਕ ਚਲੇ ਗਏ, ਪਰ ਕਿਸੇ ਹੁਤ ਨਹੀਂ ਕੀਤੀ, ਹਰ ਕੋਈ ਟਕੇ ਲੈ ਕੇ ਹਾਜ਼ਰ ਹੁੰਦਾ ਰਿਹਾ। ਇਹ ਸਭ ਕੁਝ ਸਰਦਾਰ ਸ਼ਾਮ ਸਿੰਘ ਨੇ ਆਪਣੀ ਅੱਖੀਂ ਵੇਖ ਲਿਆ ਅਤੇ ਅੰਤ ਨੂੰ ਸੰਮਤ ੧੮੩੫ ਬਿਕ੍ਰਮੀ ਵਿਚ ਆਪ ਬਿਝਲ ਪੁਰੇ ਸੁਰਗਵਾਸ ਹੋ ਗਏ।

ਇਸ ਪ੍ਰਸ਼ਨ ਦਾ ਉਤਰ ਕਿ ਮੁਸੀਬਤ ਸਮੇਂ ਖ਼ਾਲਸਈ ਕਰਤੱਵ ਕੀ ਹੁੰਦਾ ਹੈ, ਸਰਦਾਰ ਸ਼ਾਮ ਸਿੰਘ ਜੀ ਦਾ ਜੀਵਨ ਸਾਫ਼ ਦੇ ਰਿਹਾ ਹੈ। ਖ਼ਾਲਸਾ ਮੁਸੀਬਤਾਂ ਤੋਂ ਕਦੇ ਡਰਿਆ ਨਹੀਂ, ਮੁਸੀਬਤ ਸਮੇਂ ਖ਼ਾਲਸੇ ਦਾ ਦਿਲ ਕਦੇ ਡੋਲਿਆ ਨਹੀਂ। ਹਜ਼ਾਰਾਂ ਸਿੰਘ ਸ਼ਹੀਦ ਕਰਵਾ ਕੇ ਵੀ ਖ਼ਾਲਸਾ ਚੜ੍ਹਦੀਆਂ ਕਲਾਂ ਵਿਚ ਰਿਹਾ ਹੈ। ਖ਼ਾਲਸੇ ਦਾ ਨਿਸਚਾ ਹੈ ਕਿ ਮੁਸੀਬਤ ਆਉਂਦੀ ਹੈ ਅਤੇ ਮੁਸੀਬਤ ਚਲੀ ਜਾਂਦੀ ਹੈ, ਪਰ ਜੋ ਸਚੇ ਅਸੂਲ ਦਾ ਆਸਰਾ ਲੈ ਕੇ ਇਸ ਮੁਸੀਬਤ ਨੂੰ ਝਾਗ ਲੈਂਦੇ ਹਨ ਉਹ ਆਪਣੇ ਮਨੋਰਥ ਵਿਚ ਜ਼ਰੂਰ ਕਾਮਯਾਬ ਹੁੰਦੇ ਹਨ। ਸਿਖ ਇਤਿਹਾਸ ਦਸਦਾ ਹੈ ਕਿ ਕਿਸੇ ਚੀਜ਼ ਦੀ ਪ੍ਰਾਪਤੀ ਕੁਰਬਾਨੀ ਤੋਂ ਬਿਨਾਂ ਨਹੀਂ ਹੁੰਦੀ ਅਤੇ ਕੁਰਬਾਨੀ ਜਿਤਨੀ ਵੱਡੀ ਹੋਵੇਗੀ ਉਸ ਤੋਂ ਮਗਰੋਂ ਕਾਮਯਾਬੀ ਵੀ ਉਤਨੀ ਹੀ ਵਡੀ ਹੋਵੇਗੀ।

www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ—ਸੱਚੇ ਗੁਰਦੇਵ

[ਵਲੋਂ ਪ੍ਰਿੰਸੀਪਲ ਹਰਿਭਜਨ ਸਿੰਘ ਜੀ]

ਗੁਰੂ ਦੀ ਬਾਣੀ ਅਥਵਾ ਗੁਰ-ਸ਼ਬਦ ਹੀ ਗੁਰੂ ਹੈ। ਦੇਹਾਂ ਤਾਂ ਸਭ ਦੀਆਂ ਸਮਾਨ ਤੇ ਬਿਨਸਨਹਾਰ ਹਨ। ਗੁਰਬਾਣੀ ਗੁਰੂ ਦੀ ਆਤਮ ਜੋਤਿ ਹੈ, ਇਹ ਸਿਧਾਂਤ ਕਿਸੇ ਨਾ ਕਿਸੇ ਸ਼ਕਲ ਵਿਚ ਤੇ ਕਿਸੇ ਹੱਦ ਤਕ ਪ੍ਰਾਚੀਨ ਮੱਤਾਂ ਨੇ ਅਪਣਾਇਆ ਵੀ ਹੈ। ਅੰਜੀਲ ਵਿਚ ਆਇਆ ਹੈ ਕਿ ਉਤਪਤੀ ਕਾਲ ਤੋਂ ਪਹਿਲਾਂ ਕੇਵਲ ਸ਼ਬਦ ਸੀ। ਵੇਦ, ਸ਼ਾਸਤਰ, ਉਪਨਿਸ਼ਦ, ਗੀਤਾ ਤੇ ਧਮਪਦ ਆਦਿ ਸਭ ਗ੍ਰੰਥ ਸ਼ਬਦ ਦਾ ਸਮੂੰਹ ਹੀ ਤਾਂ ਹਨ। ਅੰਜੀਲ, ਤੁਰੇਤ, ਜੰਬੂਰ ਅਤੇ ਕੁਰਾਨ ਦਾ ਗਿਆਨ-ਭੰਡਾਰ ਵੀ ਸ਼ਬਦਾਂ ਵਿਚ ਹੀ ਬੰਦ ਹੈ, ਇਨ੍ਹਾਂ ਦੇ ਪੈਰੋਕਾਰਾਂ ਨੂੰ "ਅਹਿਲੇ ਕਿਤਾਬ" (ਭਾਵ—ਕਿਤਾਬਾਂ ਵਾਲੇ ਲੋਕ) ਕਰਕੇ ਸੱਦਿਆ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸਿਧਾਂਤ ਨੂੰ ਸਿਧਾਂ ਨਾਲ ਹੋਈ ਗੋਸ਼ਟਿ ਵਿਚ ਇਉਂ ਸਪੱਸ਼ਟ ਕੀਤਾ ਹੈ:—

ਸਿਧ ਪੁਛਦੇ ਹਨ, ਹੇ ਨਾਨਕ, ਹੁਣ ਕਿਹੜੇ ਮੱਤ ਦਾ ਵੇਲਾ ਹੈ ਅਤੇ ਤੁਹਾਡਾ ਗੁਰੂ ਕੌਣ ਹੈ?

ਕਵਣ ਮੂਲੁ, ਕਵਣ ਮਤਿ ਵੇਲਾ ? ਤੇਰਾ ਕਵਣੁ ਗੁਰੂ, ਜਿਸ ਕਾ ਤੂੰ ਚੇਲਾ ? ਕਵਣ ਕਥਾ ਲੇ ਰਹਹੁ ਨਿਰਾਲੇ ? ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥ ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲੁ ਸਬਦਿ ਲੰਘਾਵਣਹਾਰੁ ॥੪੩॥

[ਸਿਧ ਗੋਸਟਿ, ਪੰ: ੯੪੨

ਸ੍ਰੀ ਗੁਰੂ ਨਾਨਕ ਦੇਵ ਜੀ ਇਸਦਾ ਉਤਰ ਇਉਂ ਦੇਂਦੇ ਹਨ:—

ਪਵਨ ਅਰੰਭੁ, ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ, ਜੁਗਿ ਜੁਗਿ ਗੁਰ ਗੋਪਾਲਾ ॥ ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥

[ਸਿਧ ਗੋਸਟਿ, ਪੰਨਾ ੯੪੩

ਗੁਰੂ ਜੀ ਨੇ ਏਥੇ ਸਪੱਸ਼ਟ ਕਰ ਦਿਤਾ ਹੈ ਕਿ ਸੁਆਸਾਂ ਤੋਂ ਜੀਵਨ ਅਰੰਭ ਹੁੰਦਾ ਹੈ ਅਤੇ ਇਹ ਸਤਿਗੁਰੂ ਦੇ ਦਸੇ ਮੱਤ ਦਾ ਵੇਲਾ ਹੈ। ਸ਼ਬਦ ਗੁਰੂ ਹੈ ਅਤੇ ਮੈਂ ਉਸ ਦਾ ਚੇਲਾ ਹਾਂ। ਮੈਂ ਸ਼ਬਦ ਦੀ ਧੁਨੀ ਵਿਚ ਸੁਰਤ ਨੂੰ ਟਿਕਾਇਆ ਹੈ। ਵਾਹਿਗੁਰੂ ਦਾ ਜ਼ਿਕਰ ਮਨ ਵਿਚ ਧਾਰ ਕੇ ਮੈਂ ਸੰਸਾਰ ਤੋਂ ਅਲੇਪ ਰਹਿੰਦਾ ਹਾਂ ਅਤੇ ਜੁਗੋ ਜੁਗ ਇਕ ਅਕਾਲ ਪੁਰਖ ਵਾਹਿਗੁਰੂ ਹੀ ਮੇਰਾ ਗੁਰੂ ਹੈ। ਜਿਸ ਨੇ ਵਾਹਿਗੁਰੂ ਦੇ ਨਾਮ ਦੀ ਕਥਾ ਦਾ ਵਿਚਾਰ ਕੀਤਾ ਹੈ, ਉਸ ਦੀ ਹਉਮੈ ਗੁਰੂ ਨੇ ਸ਼ਬਦ ਦੁਆਰਾ ਦੂਰ ਕਰ ਦਿਤੀ ਹੈ।

ਇਥੇ ਇਹ ਗੱਲ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਸ਼ਬਦ ਅਥਵਾ ਅਕਾਲ ਪੁਰਖ ਵਾਹਿਗੁਰੂ ਹੀ ਸੀ। ਇਸ ਹਕੀਕਤ ਨੂੰ ਆਪ ਜੀ ਹੋਰਥੇ ਵੀ ਇਉਂ ਸਪੱਸ਼ਟ ਕਰਦੇ ਹਨ:

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥ ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥

[ਸੋਰਠਿ ਮ: ੧, ਪੰਨਾ ੫੯੯

ਭਾਈ ਗੁਰਦਾਸ ਜੀ ਨੇ ਵਾਰ ੨੦ ਦੀ ਪਹਿਲੀ ਪਉੜੀ ਵਿਚ ਇਸ ਸਚਾਈ ਨੂੰ, ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ-ਗੁਰੂ ਸਨ ਅਤੇ ਬਾਕੀ ਗੁਰੂ ਸਾਹਿਬਾਨ ਸਿਖ-ਗੁਰੂ ਹੋਏ, ਇਉਂ ਵਰਨਣ ਕਰਨ ਦਾ ਉਪਕਾਰ ਕੀਤਾ ਹੈ:—

*ਸਤਿਗੁਰ ਨਾਨਕ ਦੇਉ, ਆਪੁ ਉਪਾਇਆ ॥
ਗੁਰ ਅੰਗਦੁ ਗੁਰਸਿਖੁ, ਬਬਾਣੇ ਆਇਆ ॥
ਗੁਰਸਿਖੁ ਹੈ ਗੁਰੁ ਅਮਰੁ ਸਤਿਗੁਰ ਭਾਇਆ ॥
ਰਾਮਦਾਸੁ ਗੁਰਸਿਖੁ, ਗੁਰ ਸਦਵਾਇਆ ॥
ਗੁਰੁ ਅਰਜਨੁ ਗੁਰਸਿਖੁ,ਪਰਗਟੀ ਆਇਆ ॥
ਗੁਰਸਿਖੁ ਹਰਿ ਗੋਬਿੰਦੁ, ਨ ਲੁਕੇ ਲੁਕਾਇਆ ॥

ਇਹ ਗੱਲ ਨਹੀਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

*ਸਤਿਗੁਰ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਨੇ ਆਪ ਧੁਰੋਂ ਨਿਵਾਜ ਕੇ ਪੈਦਾ ਕੀਤਾ।



www.AKJ.Org

ਦੇਹਧਾਰੀ ਗੁਰੂ ਮੰਨਣ ਦੀ ਮਰਯਾਦਾ ਖ਼ਤਮ ਕਰਨ ਉਪਰੰਤ ਹੀ, ਗੁਰਬਾਣੀ ਅਥਵਾ ਸ਼ਬਦ ਗੁਰੂ ਹੋਇਆ, ਸਗੋਂ ਜਿਹਾ ਕਿ ਅਸਾਂ ਉਪਰ ਵਾਚਿਆ ਹੈ, ਆਦਿ-ਗੁਰੂ ਨਾਨਕ ਦੇਵ ਜੀ ਤੋਂ ਹੀ ਗੁਰਬਾਣੀ ਨੂੰ, ਜੋ ਸਤਿਗੁਰਾਂ ਦੀ ਆਤਮ ਜੋਤਿ ਅਤੇ ਸਦਾ ਥਿਰ ਰਹਿਣ ਵਾਲੀ ਹੈ, ਗੁਰੂ ਦੀ ਪਦਵੀ ਤੇ ਸਤਿਕਾਰ ਪ੍ਰਾਪਤ ਹੈ। ਦੇਹਾਂ ਤਾਂ ਬਿਨਸਨਹਾਰ ਹਨ, ਬਣਦੀਆਂ ਤੇ ਬਿਨਸਦੀਆਂ ਰਹਿਣਗੀਆਂ। ਗੁਰੂ ਦਾ ਸ਼ਬਦ ਹੀ ਗੁਰੂ ਦੀ ਅੱਚਲ ਤੇ ਅਟੱਲ ਮੂਰਤ (ਸਰੂਪ) ਹੈ :—

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੂ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥

[ਨਟ ਮ: ੪, ਪੰਨਾ ੯੮੨

ਸਬਦੁ ਗੁਰ ਪੀਰਾ, ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ ॥

[ਸੋਰਠਿ ਮ: ੧, ਪੰ: ੬੩੫

ਸਤਿਗੁਰ ਬਚਨ, ਬਚਨ ਹੈ ਸਤਿਗੁਰ, ਪਾਧਰੁ ਮੁਕਤਿ ਜਨਾਵੈਗੋ।

[ਕਾਨੜਾ ਮ: ੪,ਪੰਨਾ ੧੩੧੦

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਜਿਨ੍ਹਾਂ ਗੁਰੂ ਸਾਹਿਬਾਨ ਦੀ ਬਾਣੀ ਅੰਕਿਤ ਹੈ ਉਨ੍ਹਾਂ ਨੇ ਵੀ ਗੁਰੂ ਨਾਨਕ ਨਾਮ ਦੀ ਮੋਹਰ ਛਾਪ ਦੀ ਹੀ ਵਰਤੋਂ ਕੀਤੀ ਹੈ। ਕੇਵਲ ਇਹ ਇਕ ਪਰਤੱਖ ਪ੍ਰਮਾਣ ਹੀ ਇਹ ਸਿੱਧ ਕਰਨ ਲਈ ਕਾਫ਼ੀ ਹੈ ਕਿ ਗੁਰੂ ਸਾਹਿਬਾਨ ਜੋਤਿ ਤੇ ਜੁਗਤੀ ਕਰਕੇ ਇਕ ਹਨ, ਫਿਰ ਵੀ ਇਸ ਦੀ ਪੁਸ਼ਟੀ ਲਈ ਕੁਝ ਕੁ ਹੋਰ ਪ੍ਰਮਾਣ ਦੇਣੇ ਯੋਗ ਸਮਝੇ ਗਏ ਹਨ :—

ਇਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ ॥

[ਸੋਰਠਿ ਮ: ੩, ਪੰਨਾ ੬੪੬

ਦੀਪਕ ਤੇ ਦੀਪਕੁ ਪਰਗਾਸਿਆ, ਤ੍ਰਿਭਵਣ ਜੋਤਿ ਦਿਖਾਈ ॥ [ਰਾਮਕਲੀ ਮ: ੧, ਪੰਨਾ ੯੦੭

ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥

[ਰਾਮਕਲੀ ਵਾਰ, ਪੰਨਾ ੯੬੬

ਨਾਨਕੁ ਤੂ, ਲਹਣਾ ਤੂ ਹੈ, ਗੁਰੁ ਅਮਰੁ ਤੂ ਵੀਚਾਰਿਆ ॥ ਗੁਰੁ ਡਿਠਾ, ਤਾਂ ਮਨੁ ਸਾਧਾਰਿਆ ॥ [ਰਾਮਕਲੀ ਵਾਰ, ਪੰਨਾ ੯੬੮

ਅਮਰਦਾਸਿ ਅਮਰਤੁ ਛਤ੍ਰੁ, ਗੁਰ ਰਾਮਹਿ ਦੀਅਉ ॥ ਗੁਰ ਰਾਮਦਾਸ, ਦਰਸਨੁ ਪਰਸਿ, ਕਹਿ ਮਥੁਰਾ ਅੰਬ੍ਰਿਤ ਬਯਣ ॥ ਮੂਰਤਿ ਪੰਚ ਪ੍ਰਮਾਣ ਪੁਰਖੁ, ਗੁਰੁ ਅਰਜੁਨੁ ਪਿਖਹੁ ਨਯਣ ॥੧॥

[ਸਵਈਏ ਮਹਲੇ ਪੰਜਵੇਂ ਕੇ, ੧੪੦੮

ਨਾਨਕ ਅੰਗਦ ਕੋ ਬਪੁ ਧਰਾ ॥ ਧਰਮ ਪ੍ਰਚੁਰ ਇਹ ਜਗ ਮੋ ਕਰਾ ॥ ਅਮਰਦਾਸ ਪੁਨ ਨਾਮ ਕਹਾਯੋ ॥ ਜਨ ਦੀਪਕ ਤੇ ਦੀਪ ਜਗਾਯੋ ॥ ਸ੍ਰੀ ਨਾਨਕ ਅੰਗਦ ਕਰ ਮਾਨਾ ॥ ਅਮਰਦਾਸ ਅੰਗਦ ਪਹਿਚਾਨਾ ॥ ਅਮਰਦਾਸ ਰਾਮਦਾਸ ਕਹਾਯੋ ॥ ਸਾਧੁਨ ਲਖਾ, ਮੂੜ੍ਹ ਨਹਿ ਪਾਯੋ ॥ ਭਿੰਨ ਭਿੰਨ ਸਭਹੂੰ ਕਰ ਜਾਨਾ ॥ ਏਕ ਰੂਪ ਕਿਨਹੂੰ ਪਹਿਚਾਨਾ ॥ ਜਿਨ ਜਾਨਾ, ਤਿਨ ਹੀ ਸਿਧਿ ਪਾਈ ॥ ਬਿਨ ਸਮਝੇ ਸਿਧਿ ਹਾਥ ਨ ਆਈ ॥ [ਬਚਿਤ੍ਰ ਨਾਟਕ

ਥਾਪਿਆ ਲਹਣਾ ਜੀਵਦੇ, ਗੁਰਿਆਈ ਸਿਰਿ ਛਤ੍ਰ ਫਿਰਾਯਾ ॥ ਕਾਯਾ ਪਲਟਿ ਸਰੂਪ ਬਣਾਯਾ ॥ [ਭਾਈ ਗੁਰਦਾਸ ਜੀ, ਵਾਰ ੧]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਪੂਰਨ ਗੁਰੂ, ਸਤਿਗੁਰੂ ਜਾਂ ਕਾਮਲ ਮੁਰਸ਼ਦ ਨੂੰ ਇਤਨਾ ਵਡਿਆਇਆ ਤੇ ਰੱਬ ਦਾ ਰੂਪ ਕਰਕੇ ਦਰਸਾਇਆ ਗਿਆ ਹੈ, ਉਥੇ ਅਗਿਆਨੀ, ਸਵਾਰਥੀ, ਦੰਭੀ, ਪਾਖੰਡੀ ਤੇ ਕੱਚੇ ਗੁਰੂਆਂ ਦੀ ਰੱਜ ਕੇ ਨਿਖੇਧੀ ਵੀ ਕੀਤੀ ਹੈ, ਤਾਂ ਜੁ ਜਗਿਆਸੂ ਉਨ੍ਹਾਂ ਦੇ ਝਾਂਸੇ ਵਿਚ ਨਾ ਆਵੇ। ਇਸ ਸਬੰਧ ਵਿਚ ਗੁਰਬਾਣੀ ਦੇ ਹੇਠ ਲਿਖੇ ਪ੍ਰਮਾਣ ਵਾਚਣ ਯੋਗ ਹਨ :—

ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥ ਮੁਠਾ ਆਪਿ, ਮੁਹਾਏ ਸਾਥੈ ॥ ਨਾਨਕ, ਐਸਾ ਆਗੂ ਜਾਪੈ ॥੧॥

[ਮਾਝ ਮ: ੧, ਪੰ: ੧੪੦]



www.AKJ.Org

ਅੰਧੇ ਕੈ ਰਾਹਿ ਦਸਿਐ, ਅੰਧਾ ਹੋਇ ਸੁ ਜਾਇ ॥
ਹੋਇ ਸੁਜਾਖਾ ਨਾਨਕਾ, ਸੋ ਕਿਉ ਉਝੜਿ ਪਾਇ ॥ [ਰਾਮਕਲੀ ਮ: ੨, ਪੰਨਾ ੯੫੪

ਗੁਰੂ ਜਿਨਾ ਕਾ ਅੰਧੁਲਾ, ਚੇਲੇ ਨਾਹੀ ਠਾਉ ॥

[ਸਿਰੀ ਰਾਗ ਮ: ੧, ਪੰਨਾ ੫੮

ਨਾਨਕ, ਅੰਧਾ ਹੋਇ ਕੈ ਦਸੇ ਰਾਹੈ, ਸਭਸੁ ਮੁਹਾਏ ਸਾਥੈ ॥ ਅਗੈ ਗਇਆ ਮੁਹੇ ਮੁਹਿ ਪਾਹਿ, ਸੁ ਐਸਾ ਆਗੂ ਜਾਪੈ ॥੨॥

[ਮਾਝ ਮ: ੧, ਪੰਨਾ ੧੪੦

ਅੰਧੇ ਗੁਰੂ ਤੇ ਭਰਮੁ ਨ ਜਾਈ ॥ ਮੂਲੁ ਛੋਡਿ ਲਾਗੇ ਦੂਜੈ ਭਾਈ ॥ ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥ [ਗਉੜੀ ਮ: ੩, ਪੰ: ੨੩੨

ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ, ਤਿਸ ਦਾ ਨਫਰੁ ਕਿਥਹੁ ਰਜਿ ਖਾਇ ? ਜਿ ਸਾਹਿਬ ਕੈ ਘਰਿ ਵਥੁ ਹੋਵੈ, ਸੁ ਨਫਰੈ ਹਥਿ ਆਵੈ, ਅਣਹੋਦੀ ਕਿਥਹੁ ਪਾਏ ॥

[ਗਉੜੀ ਮ: ੪, ਪੰ: ੩੦੬

ਗੁਰੂ ਸਦਾਏ ਅਗਿਆਨੀ ਅੰਧਾ, ਕਿਸੁ ਓਹੁ ਮਾਰਗਿ ਪਾਏ ? [ਗੂਜਰੀ ਮ: ੩, ਪੰਨਾ ੪੯੧

ਅੰਧਾ ਆਗੂ ਜੇ ਥੀਐ, ਕਿਉ ਪਾਧਰੁ ਜਾਣੈ ? ਆਪਿ ਮੁਸੈ ਮਤਿ ਹੋਛੀਐ, ਕਿਉ ਰਾਹੁ ਪਛਾਣੈ ? [ਸੂਹੀ ਛੰਤ ਮ: ੧, ਪੰ: ੭੬੭

ਕੇਤੇ ਗੁਰ ਚੇਲੇ ਫੁਨਿ ਹੂਆ ॥ ਕਾਚੇ ਗੁਰ ਤੇ ਮੁਕਤਿ ਨ ਹੂਆ ॥

[ਰਾਮਕਲੀ ਓਅੰ, ਪੰ: ੯੩੨

ਗੁਰੂ ਜਿਨਾ ਕਾ ਅੰਧੁਲਾ, ਸਿਖ ਭੀ ਅੰਧੇ ਕਰਮ ਕਰੇਨਿ ॥ ਓਇ ਭਾਣੈ ਚਲਨਿ ਆਪਣੈ, ਨਿਤ ਝੂਠੋ ਝੂਠੁ ਬੋਲੇਨਿ ॥

[ਰਾਮਕਲੀ ਮ: ੩, ਪੰ: ੯੫੧

ਜੋ ਡੁਬੰਦੋ ਆਪਿ, ਸੋ ਤਰਾਏ ਕਿਨੁਖੇ ? ਤਾਰੇਦੜੋ ਭੀ ਤਾਰਿ, ਨਾਨਕ, ਪਿਰ ਸਿਉ ਰਤਿਆ ॥

[ਸਲੋਕ ਡਖਣੇ ਮ: ੫, ਪੰ: ੧੧੦੧

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ, ਜਾ ਤੇ ਭਰਮੁ ਨ ਜਾਇ ॥ ਆਪ ਡੁਬੇ ਚਹੁ ਬੇਦ ਮਹਿ, ਚੇਲੇ ਦੀਏ ਬਹਾਇ ॥੧੦੪॥

[ਸਲੋਕ ਕਬੀਰ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਸ ਸਤਿਗੁਰੂ ਦਾ ਸੰਕਲਪ ਕੀਤਾ ਗਿਆ ਹੈ, ਉਹ—

੧. ਰੱਬੀ ਗੁਣਾਂ ਦਾ ਧਾਰਨੀ ਹੋਣ ਕਰਕੇ ਰੱਬ ਦਾ ਰੂਪ ਹੈ। ਉਹ ਇਕ ਐਸੇ ਪੁੱਲ ਸਮਾਨ ਹੈ, ਜਿਸ ਦਾ ਇਕ ਸਿਰਾ ਰੱਬ ਨਾਲ ਛੋਂਹਦਾ ਹੈ ਦੂਜਾ ਦੁਨੀਆ ਨਾਲ।
੨. ਗੁਰੂ ਦਾ ਸ਼ਬਦ ਅਥਵਾ ਗੁਰਬਾਣੀ, ਗੁਰੂ ਦੀ ਜੋਤਿ ਹੈ, ਗੁਰੂ ਹੈ।
੩. ਗੁਰਸਿਖ ਨੇ ਪੁਰਸ਼ਾਰਥ ਕਰਨਾ ਹੈ, ਪਰੰਤੂ ਪ੍ਰਭੂ ਦੀ ਲਖਤਾ 'ਗੁਰਪ੍ਰਸਾਦਿ' ਗੁਰੂ ਦੀ ਕਿਰਪਾ ਦੁਆਰਾ ਹੀ ਹੋਣੀ ਹੈ।
੪. ਗੁਰੂ ਸ਼ਰਨ-ਯੋਗ ਹੈ। ਸਿਖ ਨੇ ਤਨੋਂ, ਮਨੋਂ ਗੁਰੂ ਦੀ ਸ਼ਰਨ ਲੈਣੀ ਹੈ ਤੇ ਮਾਨ ਰਹਿਤ ਹੋ ਕੇ ਸੇਵਕ ਤੇ ਹੁਕਮੀ ਬੰਦਾ ਹੋਣਾ ਹੈ।
੫. ਗੁਰੂ ਨੇ ਸ਼ਬਦ ਬਾਣੀ ਤਥਾ ਸੱਚੇ ਉਪਦੇਸ਼ ਦੀ ਟਕਸਾਲ ਵਿਚ ਸਿਖ ਦਾ ਜੀਵਨ ਘੜਨਾ ਹੈ। ਆਪਣੇ ਜੀਵਨ ਵਿਚ ਵਰਤੀਂਦੇ ਸਚ ਦੁਆਰਾ ਉਸਦੇ ਜੀਵਨ ਨੂੰ ਢਾਲਣਾ ਤੇ ਚਲਣ-ਉਸਾਰੀ ਕਰਨੀ ਹੈ।
੬. ਸਦੀਵੀ ਸਤਿਕਾਰ, ਸਦ-ਗੁਣਾਂ ਅਥਵਾ ਤੱਤ-ਵਸਤੂ ਦਾ ਹੁੰਦਾ ਹੈ, ਦੇਹਾਂ ਅਥਵਾ ਅਸਥੂਲ ਵਸਤੂ ਦਾ ਨਹੀਂ। ਦੇਹਾਂ ਤਾਂ ਸਭ ਦੀਆਂ ਇਕ ਸਮਾਨ ਪੰਜਾਂ ਤੱਤਾਂ ਦੀਆਂ ਬਣੀਆਂ ਹੋਣ ਕਰਕੇ ਬਿਨਸਨਹਾਰ ਹਨ। ਦੇਹਾਂ ਦਾ ਅਦਬ ਸਤਿਕਾਰ ਆਤਮਾ ਦੀ ਉਚਤਾ ਕਰਕੇ ਹੈ ਨਾ ਕਿ ਆਤਮਾ ਦੀ ਉਚਤਾ ਜਾਂ ਸਤਿਕਾਰ ਦੇਹ ਕਰਕੇ।
੭. ਦੇਹਧਾਰੀ ਗੁਰੂ ਵੀ ਤਾਂ ਆਖ਼ਰ ਆਪਣੇ ਦੂਰ ਦੁਰਾਡੇ, ਦੇਸਾਂ ਪਰਦੇਸਾਂ ਵਿਚ ਬੈਠੇ ਸਿਖਾਂ ਸੇਵਕਾਂ ਨੂੰ, ਬੋਲੀ ਦੁਆਰਾ (ਲਿਖ ਕੇ ਜਾਂ ਬੋਲ ਕੇ ਹੀ ਉਪਦੇਸ਼ ਦਿੰਦਾ ਤੇ ਉਹਨਾਂ ਨਾਲ ਸੰਪਰਕ ਰਖਦਾ ਹੈ। ਗੱਲ ਆਖ਼ਰ 'ਬਾਣੀ' ਉਤੇ ਆ ਕੇ ਹੀ ਨਿਬੜਦੀ ਹੈ। ਵੇਖਣਾ ਇਹ ਹੈ ਕਿ ਉਹ ਬਾਣੀ



www.AKJ.Org

ਅਰਸ਼ੀ ਹੈ ਜਾਂ ਫ਼ਰਸ਼ੀ (ਕਚੀ)।

੮. ਗੁਰਬਾਣੀ ਪੁੱਗੇ ਹੋਏ ਮਹਾਂ ਪੁਰਖਾਂ ਦੇ ਅਨੁਭਵ ਦਾ ਤੱਤ ਹੈ, ਦੇਹ-ਧਾਰੀਆਂ ਦੀ ਜੀਵਨ-ਨਈਆ ਕਦੀ ਵੀ ਡੋਲ ਤੇ ਡਗਮਗਾ ਸਕਦੀ ਹੈ।

੯. ਗੁਰਬਾਣੀ ਵਿਚ ਜਿਸ ਦੀਪਕ ਗੁਰੂ ਦਾ ਸੰਕਲਪ ਹੈ, ਉਹ ਦਾਤਾ ਹੈ,ਸ਼ਾਂਤੀ ਦਾ ਘਰ ਹੈ, ਪ੍ਰਕਾਸ਼ ਦਾ ਅਮੁੱਕ ਸੋਮਾ ਹੈ, ਗੁਣ ਨਿਧਾਨ ਹੈ। ਉਸ ਦੇ ਦਰੋਂ ਘਰੋਂ ਹੀ ਸੇਵਕ ਨਿਹਾਲ ਹੋ ਸਕਦਾ ਹੈ। ਦੀਪ ਤੋਂ ਦੀਪ ਤਾਂ ਜਗਦੇ ਆਏ ਹਨ, ਪਰੰਤੂ ਬੁਝਿਆਂ ਦੀਪਾਂ ਤੋਂ ਕਦਾਚਿਤ ਇਜ ਨਹੀਂ ਹੋਇਆ।

੧੦. ਗੁਰਬਾਣੀ ਦੇ ਰਚਨਹਾਰ ਗੁਰੂ ਹਨ, ਨਾ ਕਿ ਉਸ ਦੇ ਅਰਥ ਤੇ ਵਿਆਖਿਆ ਕਰਨ ਵਾਲੇ। ਕਿਸੇ ਦੀ ਚਿਠੀ ਵਾਚਣ ਵਾਲਾ, ਚਿਠੀ ਲਿਖਣ ਵਾਲੇ ਦੀ ਥਾਂ ਕਿਵੇਂ ਲੈ ਸਕਦਾ ਹੈ?

੧੧. ਦਸ ਗੁਰੂ ਇਕ ਜੋਤਿ ਹੋਣ ਦਾ ਸਿਧਾਂਤ ਵੀ ਤਦ ਹੀ ਠੀਕ ਹੈ ਜੇ ਸ਼ਬਦ ਨੂੰ ਗੁਰੂ ਮੰਨਿਆ ਜਾਵੇ। ਸਤਿਗੁਰਾਂ ਦੀਆਂ ਦੇਹਾਂ ਵਖ ਵਖ ਹਨ, ਪਰੰਤੂ ਉਨ੍ਹਾਂ ਰਾਹੀਂ ਪਰਗਟ ਹੋਈ ਸਚਾਈ 'ਬਾਣੀ' (ਜੋਤਿ ਤੇ ਜੁਗਤਿ) ਤਾਂ ਇਕ ਹੈ, ਅਤੇ ਸਦਾ ਇਕ ਹੀ ਰਹੇਗੀ।

੧੨. ਗੁਰਸਿਖ, ਗੁਰੂ ਦੇ ਦਸੇ ਰਾਹ ਉਤੇ ਤੁਰ ਕੇ ਉਸ ਦੇ 'ਪ੍ਰਸਾਦੁ' (ਕਿਰਪਾ) ਨਾਲ ਮੰਜ਼ਲ ਉਤੇ ਪਹੁੰਚਦਾ ਹੈ। ਇਸ ਲਈ ਉਹ ਗੁਰੂ ਦੀ ਬਰਾਬਰੀ ਨਹੀਂ ਕਰ ਸਕਦਾ। ਹਾਂ, ਉਹ ਬਾਬਾ ਬੁੱਢਾ ਜੀ,ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ ਆਦਿ ਅਨਿੰਨ ਗੁਰਸਿਖਾਂ ਸਮਾਨ ਦੂਜੇ ਸਿਖਾਂ ਨੂੰ ਗੁਰੂ ਦਾ ਉਪਦੇਸ਼ ਦੇ ਸਕਦਾ ਹੈ।

ਅੰਤਮ ਸਿੱਟਾ ਇਹ ਹੈ ਕਿ ਸਤਿਗੁਰਾਂ ਵਲੋਂ ਗੁਰੂ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਸਾਏ ਅਮਰ ਸਿਧਾਂਤ ਜਿਥੇ ਸਰਲ, ਸਾਦੇ ਤੇ ਭਾਵ ਪੂਰਤ ਹਨ, ਉਥੇ ਸਰਬ-ਦੇਸੀ ਤੇ ਸਰਬ-ਕਾਲੀ ਹੋਣ ਕਰਕੇ ਸਦਾ ਲਈ ਸਰਬੱਤ ਦੀ ਅਗਵਾਈ ਕਰਨ ਯੋਗ ਵੀ। ਇਸ ਵਿਚ ਦਸਿਆ ਧਰਮ, ਵਿਸ਼ੇਸ਼ ਕਰਕੇ, ਸਪੇਸ-ਜੁਗ (ਪੁਲਾੜ-ਜੁਗ) ਦਾ ਧਰਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੁਗੋ ਜੁਗ ਅਟੱਲ ਹਨ ਅਤੇ ਇਸ ਵਿਚ ਸੰਕਲਪਿਆ ਸ਼ਬਦ-ਗੁਰੂ ਦਾ ਸਿਧਾਂਤ ਵੀ ਸਰਬ ਲਈ ਕਲਿਆਣ-ਕਾਰੀ ਹੈ, ਅਮਰ ਹੈ, ਅਬਦੀ ਹੈ।

[ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਵਲੋਂ ਦੂਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਾਰ ਸੰਮੇਲਨ ਸਮੇਂ ਪੜ੍ਹੇ ਗਏ ਖੋਜ-ਪੱਤਰ ਵਿਚੋਂ ਧੰਨਵਾਦ ਸਹਿਤ।]

---

# ਪਾਠਕਾਂ ਪ੍ਰਤੀ ਜ਼ਰੂਰੀ ਬੇਨਤੀਆਂ

੧. ਸਾਡੇ ਵਲੋਂ ਸਭ ਪਾਠਕਾਂ ਨੂੰ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਪਰਚਾ ਡਾਕੇ ਪਾ ਦਿਤਾ ਜਾਂਦਾ ਹੈ। ਕਈ ਪਰਚੇ ਡਾਕ ਵਿਚ ਗੁੰਮ ਹੋ ਜਾਂਦੇ ਹਨ ਤੇ ਕਈ ਡਾਕ ਦੇ ਗ਼ਲਤ ਥੈਲਿਆਂ ਵਿਚ ਪੈ ਜਾਣ ਕਾਰਨ ਲੇਟ ਹੋ ਜਾਂਦੇ ਹਨ। ਇਸ ਕਰਕੇ ੧੦ ਤਰੀਕ ਤਕ ਪਰਚੇ ਦੀ ਉਡੀਕ ਕਰਨ ਪਿਛੋਂ ਸਾਨੂੰ ਹੋਰ ਪਰਚਾ ਭੇਜਣ ਲਈ ਲਿਖੋ।

੨. ਚੰਦਾ ਮੁਕਣ ਦੀ ਚਿਟ ਜਦੋਂ ਪਰਚੇ ਵਿਚ ਪੁਜੇ ਓਦੋਂ ਹੀ ਚੰਦਾ ਭੇਜ ਦੇਵੋ। ਤੀਜੀ ਚਿਤਾਵਨੀ ਪਿਛੋਂ ਭੀ ਜੇ ਆਪ ਵਲੋਂ ਉਤਰ ਨਾ ਪੁਜੇ ਤਾਂ ਅਸੀਂ ਪਰਚਾ ਬੰਦ ਕਰਨ ਲਈ ਮਜਬੂਰ ਹੋ ਜਾਂਦੇ ਹਾਂ।

੩. ਮਨੀਆਰਡਰ ਦੇ ਧੁਰ ਹੇਠਲੇ ਕੂਪਨ ਤੇ ਆਪਣਾ ਪੂਰਾ ਸਰਨਾਵਾਂ ਤੇ ਚਿਟ ਨੰਬਰ ਜ਼ਰੂਰ ਲਿਖੋ ਜੀ। ਯਾਦਾਸ਼ਤ ਲਈ ਚਿਟ ਨੰਬਰ ਕਿਤੇ ਨੋਟ ਕਰ ਛਡੋ। ਅਸੀਂ ਹਰ ਵਾਰੀ ਪਰਚੇ ਉਪਰ ਲਿਖੇ ਸਰਨਾਵੇਂ ਦੇ ਮੁਢ ਵਿਚ ਚਿਟ ਨੰਬਰ ਲਿਖ ਕੇ ਭੇਜਦੇ ਹਨ।

੪. ਡਰਾਫ਼ਟ ਜਾਂ ਚੈਕ ਉਪਰ ਕਿਸੇ ਵਿਅਕਤੀ ਦਾ ਨਾਂ ਬਿਲਕੁਲ ਨਾ ਲਿਖੋ, ਸਗੋਂ **'SURA' MONTHLY, AMRITSAR** ਹੀ ਲਿਖੋ।

੫. ਇਕ ਸਾਲ ਦਾ ਚੰਦਾ ਅਠ ਰੁਪਏ ਜਾਂ ਅਮਾਨਤੀ ਲਾਈਫ਼ ਮੈਂਬਰੀ ਦੀ ਬੈਂਕ ਐਫ. ਡੀ. ਲਈ ਇਕ ਸੌ ਰੁਪਏ ਮਨੀਆਰਡਰ ਰਾਹੀਂ ਹੇਨ ਲਿਖੇ ਪਤੇ ਤੇ ਭੇਜੋ:—

**ਮੈਨੇਜਰ, 'ਸੂਰਾ', ਮਾਸਕ ਪੱਤਰ, ਕੂਚਾ ਚਤਰ ਸਿੰਘ, ਮਾਈ ਸੇਵਾਂ, ਅੰਮ੍ਰਿਤਸਰ।**

www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਮਨੁੱਖ

[ਪ੍ਰਿੰਸੀਪਲ ਇੰਦਰ ਕੌਰ ਜੀ, ਲੋਪੋਂ ਕਾਲਜ, (ਲੁਧਿਆਣਾ) ]

ਸ੍ਰੀ ਗੁਰੂ ਗ੍ਰੰਥ ਸਾਹਿਬ ਉਤਮ ਵਿਚਾਰਾਂ ਦਾ ਭੰਡਾਰ ਹੈ। ਇਹ ਰਤਨਾਂ ਦੀ ਖਾਣ ਹੈ। ਸੰਸਾਰ ਦੀ ਸਾਰੀ ਧਾਰਮਿਕ ਫ਼ਿਲਾਸਫ਼ੀ ਦਾ ਤਤਵ ਇਸ ਦੇ ਵਿਚੋਂ ਪ੍ਰਾਪਤ ਹੁੰਦਾ ਹੈ। ਇਹ ਸਾਧ-ਬਚਨਾਂ ਦਾ ਸਮੂਹ ਹੈ। ਇਨ੍ਹਾਂ ਬਚਨਾਂ ਦੇ ਸੁਣਨ ਤੇ ਕਮਾਉਣ ਨਾਲ ਮਨੁਖ ਦੀ ਕਲਿਆਨ ਹੁੰਦੀ ਹੈ :

ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ
ਲਾਲ ਏਹਿ ਰਤਨ ॥ ਸੁਨਤ ਕਮਾਵਤ ਹੋਤ
ਉਧਾਰ ॥ ਆਪਿ ਤਰੈ ਲੋਕਹ ਨਿਸਤਾਰ ॥
[ਪੰਨਾ ੨੯੫

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਏਕਤਾ ਅਤੇ ਭ੍ਰਾਤੀ-ਅਤਾ ਦਰਸਾਈ ਗਈ ਹੈ। ਸਾਰੀ ਮਨੁੱਖਤਾ ਨੂੰ ਇਕ ਰੱਬ ਦੇ ਨਿਸ਼ਾਨ ਹੇਠ ਇਕੱਠਾ ਕੀਤਾ ਗਿਆ ਹੈ। ਮਨੁੱਖਾਂ ਨੂੰ ਆਪਸ ਵਿਚ ਪਿਆਰ ਤੇ ਇਕ ਦੂਜੇ ਦਾ ਸਤਿਕਾਰ ਕਰਨ ਦੀ ਜਾਚ ਦਸੀ ਗਈ ਹੈ। ਇਹਦੇ ਵਿਚ ਸੰਪੂਰਨ ਜੀਵਨ-ਜਾਚ ਹੈ ਕਿ ਕਿਵੇਂ ਮਨੁੱਖ 'ਲੋਕ ਸੁਖੀ ਤੇ ਪ੍ਰਲੋਕ ਸੁਹੇਲੇ' ਹੋ ਸਕਦਾ ਹੈ। ਜਾਤ, ਧਰਮ, ਕਰਮ ਤੇ ਰੁਤਬੇ ਦੇ ਵਿਤਕਰੇ ਮੇਟ ਕੇ ਸੱਚਾ ਜੀਵਨ ਜੀਊਣ ਵਾਲਿਆਂ ਨੂੰ ਮਹਾਨ ਮੰਨਿਆ ਗਿਆ ਹੈ। ਸੱਚੇ ਆਚਾਰ ਨੂੰ ਸਭ ਤੋਂ ਉਪਰ ਸਥਾਨ ਦਿਤਾ ਗਿਆ ਹੈ—

ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰ ॥
[ਪੰਨਾ ੬੨

ਇਹ ਮਹਾਂ ਪੁਰਸ਼ਾਂ ਦੀ ਬਾਣੀ ਹੈ। ਇਸ ਬਾਣੀ ਤੇ ਗੁਰੂ ਵਿਚ ਕੋਈ ਭੇਦ ਨਹੀਂ। ਇਹਦੇ ਵਿਚ ਨਾਮ ਰੂਪੀ ਅੰਮ੍ਰਿਤ ਪਾਇਆ ਗਿਆ ਹੈ। ਜੋ ਪੁਰਸ਼ ਗੁਰਬਾਣੀ ਅਨੁਸਾਰ ਜੀਵਨ ਜੀਊਂਦਾ ਹੈ ਉਹ ਸਭ ਕੁਝ ਪ੍ਰਾਪਤ ਕਰ ਲੈਂਦਾ ਹੈ। ਇਸ ਬਾਣੀ ਵਿਚੋਂ ਗੁਰੂ ਦੇ ਪਰਤੱਖ ਦਰਸ਼ਨ ਹੁੰਦੇ ਹਨ—

ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ
ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ
ਮਾਨੈ, ਪਰਤਖਿ ਗੁਰੂ ਨਿਸਤਾਰੇ ॥ [ਪੰ: ੯੮੨

ਪਰ ਇਸ ਬਾਣੀ ਦੇ ਇਸ ਮਹੱਤਵ ਨੂੰ ਕੋਈ ਵਿਰਲਾ ਹੀ ਵਿਚਾਰਦਾ ਹੈ—

ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ
ਹੋਇ ॥ [ਪੰਨਾ ੯੩੫

ਇਹ ਬਾਣੀ ਨਿਰੰਕਾਰ ਦੀ ਭੇਜੀ ਹੋਈ ਹੈ ਅਤੇ ਮਨੁੱਖਤਾ ਦਾ ਨਿਜ ਘਰ ਵਿਚ ਵਾਸ ਕਰਾਵਣ ਦੇ ਸਮਰੱਥ ਹੈ—

ਇਹ ਬਾਣੀ ਮਹਾ ਪੁਰਖ ਕੀ, ਨਿਜ ਘਰਿ
ਵਾਸਾ ਹੋਇ ॥

ਇਹ ਅੰਮ੍ਰਿਤ-ਬਾਣੀ ਅਸਲ ਧੁੱਰੇ ਦਾ ਪਤਾ ਦਿੰਦੀ ਹੈ, ਕਿਉਂਕਿ ਇਹ ਗਿਆਨ ਧਿਆਨ ਦੀ ਹਾਲਤ ਵਿਚ ਗੁਰਮੁਖਾਂ ਦੇ ਰਾਹੀਂ ਸੰਸਾਰ ਵਿਚ ਪ੍ਰਗਟ ਹੋਈ ਹੈ। ਇਸ ਨੂੰ ਰਚਣ ਵਾਲੇ ਗੁਰਮੁਖ ਹਨ। ਇਸ ਨੂੰ ਕਮਾਉਣ ਵਾਲੇ ਗੁਰਮੁਖ ਹੋ ਜਾਂਦੇ ਹਨ ਤੇ ਉਚੀ ਸੁਰਤੀ ਵਾਲਿਆਂ ਨੇ ਬਖ਼ਸ਼ਸ਼ ਦਵਾਰਾ ਇਸ ਦਾ ਅਭਿਆਸ ਤੇ ਮੰਨਣ ਕੀਤਾ ਹੈ।

ਅੰਮ੍ਰਿਤ ਬਾਣੀ ਤਤੁ ਵਖਾਣੀ, ਗਿਆਨ
ਧਿਆਨ ਵਿਚਿ ਆਈ ॥ ਗੁਰਮੁਖਿ ਆਖੀ
ਗੁਰਮੁਖਿ ਜਾਤੀ, ਸੁਰਤੀ ਕਰਮਿ ਧਿਆਈ ॥
[ਪੰਨਾ ੧੨੪੩

ਸ੍ਰੀ ਗੁਰੂ ਗ੍ਰੰਥ ਸਾਹਿਬ ਇਤਨੇ ਮਹਾਨ ਹਨ ਕਿ ਕਿਸੇ ਵੀ ਅਲਪੱਗ ਜੀਵ ਦੀ ਵਿਚਾਰ-ਸ਼ਕਤੀ ਇਨ੍ਹਾਂ ਦੀ ਤਹਿ ਤਕ ਨਹੀਂ ਪੁਜ ਸਕਦੀ, ਹਾਂ ਇਸ ਅੰਮ੍ਰਿਤ-ਕੁੰਟ ਵਿਚ ਚੁੱਭੀ ਮਾਰਿਆਂ ਆਪੋ ਆਪਣੀ ਸ਼ਕਤੀ ਅਨੁਸਾਰ ਕੁਝ ਨਾ ਕੁਝ ਜ਼ਰੂਰ ਪ੍ਰਾਪਤ ਹੋ ਜਾਂਦਾ ਹੈ, ਪਰ ਇਹ ਵਿਚਾਰ ਬਣਿਆ ਹੀ ਰਹਿੰਦਾ ਹੈ ਕਿ ਗੱਲ ਪੂਰੇ ਤੌਰ ਤੇ ਬਣੀ ਨਹੀਂ। ਇਹ ਬਣਨੀ ਵੀ ਨਹੀਂ, ਕਿਉਂਕਿ ਮਨੁੱਖੀ ਸ਼ਕਤੀ ਕਿਸੇ ਮਿੱਤ ਦੇ ਅੰਦਰ ਹੈ ਤੇ



www.AKJ.Org

ਇਹ ਮਹਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਮਿੱਤ ਹਨ।

ਇਸ ਉਪਰ ਦਿਤੇ ਵਿਸ਼ੇ ਤੇ ਵਿਚਾਰ ਕਰਨ ਲਗਿਆਂ ਮਨ ਵਿਚ ਸਫਲਤਾ ਲਈ ਅਰਦਾਸ ਸੀ ਤੇ ਨਾਲ ਹੀ ਵਿਸ਼ਾ ਵਿਚਾਰਨ ਲਈ ਦੇਣ ਵਾਲਿਆਂ ਵਾਸਤੇ ਧੰਨਵਾਦ ਸੀ। ਏਸ ਬਹਾਨੇ ਇਸ ਮਹਾਨ ਸ੍ਰੀ ਗੁਰੂ ਗ੍ਰੰਥ ਸਾਹਿਬ, ਜੋ 'ਪੋਥੀ ਪਰਮੇਸਰ ਕਾ ਥਾਨੁ' ਹੈ, ਦੇ ਰਜਵੇਂ ਦਰਸ਼ਨ ਨਸੀਬ ਹੋਇ। ਅਨੁਭਵ ਛੋਟਾ ਤੇ ਪ੍ਰਵਚਨ ਵੱਡੇ ਹਨ, ਪਰ ਨਿਰਾਕਾਰ ਦੀ ਮਿਹਰ ਤੇ ਸੰਗਤ ਦੀ ਪ੍ਰੇਰਨਾ ਸਦਕਾ ਯਥਾ ਸ਼ਕਤ ਵਿਚਾਰ ਪੇਸ਼ ਕਰਨ ਦੀ ਕੋਸ਼ਿਸ਼ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਵਿਸ਼ਿਆਂ ਬਾਰੇ ਵਿਸਥਾਰ ਸਹਿਤ ਵਿਚਾਰ ਕੀਤੀ ਗਈ ਹੈ, ਜਿਵੇਂ :—

ਨਿਰੰਕਾਰ, ਗੁਰੂ, ਨਾਮ, ਸਤਸੰਗਤਿ, ਗੁਰਮੁਖ, ਸੰਤ, ਸਾਧ, ਜਨ, ਸਿਖ, ਭਗਤ, ਯੋਗੀ, ਮਾਇਆ, ਸੰਧਾਰ, ਰਚਨਾ, ਬਖ਼ਸ਼ਸ਼ ਆਦਿ।

ਸਾਡੀ ਅਜ ਦੀ ਵਿਚਾਰ ਦਾ ਵਿਸ਼ਾ 'ਆਦਰਸ਼ਕ ਮਨੁੱਖ' ਤਕ ਸੀਮਤ ਹੈ। ਪੂਰਾ ਵਿਸ਼ਾ ਹੈ "ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਮਨੁੱਖ ਦਾ ਸੰਕਲਪ"। ਆਦਰਸ਼ਕ ਸ਼ਬਦ ਦਾ ਅਰਥ ਹੈ ਪ੍ਰਮਾਣੀਕ ਮਨੁਖ ਜਾਂ ਨਮੂਨੇ ਦਾ ਇਨਸਾਨ। ਇਸ ਸ਼ਬਦ ਦਾ ਅਰਥ-ਵਿਚਾਰ ਪ੍ਰਦਰਸ਼ਕ ਵੀ ਕੀਤਾ ਜਾਂਦਾ ਹੈ। ਸੰਕਲਪ ਦਾ ਅਰਥ ਹੈ ਮਨੋਰਥ ਜਾਂ ਖਿਆਲ। ਜੇ ਗਹੁ ਨਾਲ ਵੇਖੀਏ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਤੌਰ ਤੇ ਆਦਰਸ਼ਕ ਮਨੁਖ ਗੁਰਮੁਖ ਜਾਂ ਗੁਰੂ ਹੈ। ਗੁਰਮੁਖ ਨਿਰੰਕਾਰ ਨਾਲ ਅਭੇਦ ਵੀ ਹੈ ਅਤੇ ਸੰਸਾਰ ਵਿਚ ਵੀ ਪੂਰਨ ਪੁਰਖ ਹੋ ਕੇ ਵਿਚਰਦਾ ਹੈ। ਗੁਰੂ ਪਾਰਸ ਹੈ, ਬ੍ਰਹਮ ਗਿਆਨੀ ਹੈ, ਜੀਵਨ-ਮੁਕਤ ਹੈ ਅਤੇ ਨਾਮ ਦਾ ਦਾਤਾ ਹੈ। ਇਹ ਗਿਆਨ ਦਾ ਪ੍ਰਕਾਸ਼ ਬਖਸ਼ ਕੇ ਮਨੁਖੀ ਮਨ ਚੋਂ ਅਗਿਆਨਤਾ ਦਾ ਹਨੇਰਾ ਦੂਰ ਕਰਦਾ ਹੈ। 'ਗੁ' ਸ਼ਬਦ ਦੇ ਅਰਥ ਹਨੇਰਾ ਹਨ ਅਤੇ 'ਰੂ' ਦੇ ਪ੍ਰਕਾਸ਼, ਭਾਵ ਹਨੇਰੇ ਨੂੰ ਦੂਰ ਕਰ ਕੇ ਪ੍ਰਕਾਸ਼ ਕਰਨ ਵਾਲਾ। ਗੁਰਬਾਣੀ ਵਿਚ ਲਿਖਿਆ ਹੈ :—

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥ [ਗਉੜੀ ਸੁਖਮਨੀ, ੨੯੩

ਗੁਰੂ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਸੰਭਵ ਵੀ ਨਹੀਂ :—

'ਗੁਰ ਬਿਨੁ ਗਿਆਨੁ ਨ ਹੋਇ ॥' [ਪੰਨਾ ੪੬੯

ਆਤਮ ਤਤਵ ਨੂੰ ਜਾਣਨ ਵਾਲਾ ਹੀ ਗੁਰੂ ਹੋ ਸਕਦਾ ਹੈ। ਗੁਰਬਾਣੀ ਵਿਚ ਸਤਿਗੁਰੂ ਸ਼ਬਦ ਬਹੁਤੀ ਥਾਈਂ ਆਇਆ ਹੈ। ਇਹ ਸਤਯ ਤੇ ਗੁਰ ਦੋ ਸ਼ਬਦਾਂ ਤੋਂ ਬਣਿਆ ਹੈ। ਇਸ ਦਾ ਭਾਵ ਹੈ ਸੱਚਾ ਗੁਰੂ, ਸ੍ਰੇਸ਼ਟ ਗੁਰੂ ਜਿਹੜਾ ਮਨ, ਬਚਨ ਤੇ ਕਰਮ ਕਰਕੇ ਸੱਚਾ ਹੈ ਜਿਸਦੇ ਮਿਲਣ ਨਾਲ ਮਨ ਨੂੰ ਸੱਚਾ ਅਨੰਦ ਪ੍ਰਾਪਤ ਹੁੰਦਾ ਹੈ—

ਜਿਸੁ ਮਿਲਿਐ ਮਨਿ ਹੋਇ ਅਨੰਦੁ, ਸੋ ਸਤਿਗੁਰੁ ਕਹੀਐ। [ਪੰ: ੧੬੮

ਗੁਰੂ ਜੀਵ ਨੂੰ ਪ੍ਰਮਾਤਮਾ ਨਾਲ ਮੇਲਣ ਵਾਲਾ ਹੈ—

ਜੈਸਾ ਸਤਿਗੁਰੁ ਸੁਣੀਦਾ, ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ,ਹਰਿ ਦਰਗਹ ਕਾ ਬਸੀਠੁ ॥

ਗੁਰੂ ਸੱਚਾ ਸੱਜਣ ਹੈ, ਜੋ ਮਿਤ੍ਰ-ਵਿਚੋਲਾ ਬਣ ਕੇ ਜੀਵਾਤਮਾ ਦਾ ਪ੍ਰਮਾਤਮਾ ਨਾਲ ਮੇਲ ਕਰਾਉਂਦਾ ਹੈ:--

'ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ, ਜੈ ਮਿਲਿ ਕੰਤੁ ਪਛਾਣਾ ॥ [੬੬੮

ਗੁਰੂ ਹਰੀ ਦਾ ਨਾਮ ਰੂਪੀ ਮੰਤ੍ਰ ਦੇ ਕੇ ਹਉਮੈ ਰੋਗ ਨੂੰ ਕੱਟ ਦਿੰਦਾ ਹੈ—

ਹਰਿ ਨਾਮੋ ਮੰਤ੍ਰ ਦ੍ਰਿੜਾਇਦਾ, ਕਟੇ ਹਉਮੈ ਰੋਗੁ ॥

ਅਜਿਹਾ ਗੁਰੂ ਸੰਗੋਗ ਨਾਲ ਹੀ ਮਿਲਦਾ ਹੈ—

ਨਾਨਕ ਸਤਿਗੁਰੁ ਤਿਨਾ ਮਿਲਾਇਆ
ਜਿਨਾ ਧੁਰੇ ਪਾਇਆ ਸੰਜੋਗੁ ॥

ਨਾਮ ਦੇ ਖਜ਼ਾਨੇ ਦੀ ਕੁੰਜੀ ਗੁਰੂ ਦੇ ਪਾਸ ਹੈ, ਗੁਰੂ ਬਿਨਾਂ ਇਸਦਾ ਤਾਕ ਨਹੀਂ ਖੁਲ੍ਹਦਾ—

ਜਿਸਕਾ ਗ੍ਰਿਹੁ ਤਿਨਿ ਦੀਆ ਤਾਲਾ, ਕੁੰਜੀ ਗੁਰ ਸਉਪਾਈ ॥ ਅਨਿਕ ਉਪਾਵ ਕਰੇ ਨਹੀ ਪਾਵੈ, ਬਿਨੁ ਸਤਿਗਰ ਸਰਣਾਈ ॥

[ਰਾਗ ਗਉੜੀ ਪੂਰਬੀ ਮ: ੫, ਪੰ: ੨੦੫

ਸਤਿਗੁਰੂ ਵਿਚ ਅਨੇਕ ਗੁਣ ਹਨ। ਮਹਿਮਾ ਅਕਥ ਹੈ; ਇਸ ਪੂਰਨ ਗੁਰੂ ਦੀਆਂ ਸਿਫ਼ਤਾਂ ਤੇ ਕੰਮਾਂ ਬਾਰੇ ਵਿਚਾਰ ਕਰਨ ਦਾ ਨਿਮਾਣਾ ਜਿਹਾ ਜਤਨ ਕਰਨ ਦੀ ਕੋਸ਼ਿਸ਼ ਅਸਾਂ ਕਰਨੀ ਹੈ।



www.AKJ.Org

ਸਭ ਤੋਂ ਪਹਿਲਾ ਸਵਾਲ ਉਠਦਾ ਹੈ ਕਿ ਗੁਰੂ ਅਖਵਾਣ ਦਾ ਹੱਕ ਕੌਣ ਰਖਦਾ ਹੈ। ਗੁਰਬਾਣੀ ਇਸ ਪ੍ਰਸ਼ਨ ਦਾ ਉਤਰ ਦਿੰਦੀ ਹੈ—

'ਸਤਿ ਪੁਰਖੁ ਜਿਨਿ ਜਾਨਿਆ,ਸਤਿਗੁਰੁ ਤਿਸਕਾ ਨਾਉ ॥' [ਗਉੜੀ ਸੁਖਮਨੀ ੨੮੬

ਅਜਿਹੇ ਪੂਰਨ ਗੁਰੂ ਰਾਹੀਂ ਹੀ ਸਿਖ ਦਾ ਉਧਾਰ ਹੋ ਸਕਦਾ ਹੈ। ਬ੍ਰਹਮ ਨੂੰ ਜਾਣਨ ਵਾਲਾ ਹੀ ਸਤਿਗੁਰੂ ਹੋ ਸਕਦਾ ਹੈ।

'ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ, ਹਰਿ ਹਰਿ ਕਥਾ ਸੁਣਾਵੈ।' [ਪੰ: ੧੨੬੪

ਸਤਿਗੁਰੂ ਸਮਰਥ ਹੈ। ਉਸਦੀ ਸੇਵਾ ਕਰਨ ਨਾਲ ਮਨ-ਇਛਤ ਫਲ ਦੀ ਪ੍ਰਾਪਤੀ ਹੁੰਦੀ ਹੈ। ਉਸਦੀ ਪਾਤਸ਼ਾਹੀ ਸਦਾ ਕਾਇਮ ਹੈ, ਗੁਰੂ ਤੇ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ—

ਸਭ ਤੇ ਵਡ ਸਮਰਥ ਗੁਰਦੇਵ ॥ ਸਭਿ ਸੁਖ ਪਾਈ ਤਿਸ ਕੀ ਸੇਵ ॥ਰਹਾਉ॥ ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸਕਾ ਅਮਰੁ ਨ ਮੇਟੈ ਕੋਇ ॥ ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥ ੨ ॥ [ਪੰ: ੧੧੫੨

ਸਤਿਗੁਰ ਨਿਰਵੈਰ ਹੈ। ਅਪਰਾਧੀਆਂ ਨੂੰ ਬਖ਼ਸ਼ਣ ਵਾਲਾ ਹੈ। ਐਸੇ ਸਤਿਗੁਰੂ ਨੂੰ ਨਮਸਕਾਰ ਹੈ—

ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ॥ ਹਮ ਅਪਰਾਧੀ ਤੁਮ ਬਖਸਾਤੇ ॥ ਜਿਸੁ ਪਾਪੀ ਕਉ ਮਿਲੈ ਨ ਢੋਈ ॥ ਸਰਣਿ ਆਵੈ ਤਾਂ ਨਿਰਮਲੁ ਹੋਈ ॥੧॥ ਸੁਖੁ ਪਾਇਆ ਸਤਿਗੁਰੂ ਮਨਾਇ ॥ ਸਭ ਫਲ ਪਾਏ ਗੁਰੂ ਧਿਆਇ ॥ ੧ ॥ ਰਹਾਉ ॥ ਪਾਰਬ੍ਰਹਮ ਸਤਿਗੁਰ ਆਦੇਸੁ ॥ ਮਨੁ ਤਨੁ ਤੇਰਾ ਸਭੁ ਤੇਰਾ ਦੇਸੁ ॥ [ਭੈਰਉ ਮ: ੫, ਪੰ: ੧੧੪੧

ਗੁਰੂ ਤੇ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ। ਗੁਰੂ ਖੁਸ਼ ਹੋਵੇ ਤਾਂ ਸਭ ਕੁਝ ਪ੍ਰਾਪਤ ਹੁੰਦਾ ਹੈ—

ਗੁਰੁ ਨਾਰਾਇਣੁ, ਦਯੁ ਗੁਰੁ, ਗੁਰੁ ਸਚਾ ਸਿਰਜਣਹਾਰੁ ॥ ਗੁਰਿ ਤੁਠੈ ਸਭ ਕਿਛੁ ਪਾਇਆ, ਜਨ ਨਾਨਕ ਸਦ ਬਲਿਹਾਰ ॥ [ਗਉੜੀ ਮਾਝ ਮਹਲਾ ੫, ਪੰਨਾ ੨੧੮

ਵਾਸਤਵ ਵਿਚ ਪਾਰਬ੍ਰਹਮ ਤੇ ਗੁਰੂ ਮਿਲ ਕੇ ਇਕ ਹੋ ਜਾਂਦੇ ਹਨ :

'ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥' [ਭੈਰਉ ਮ: ੫, ਪੰ: ੧੧੪੨

'ਗੁਰ ਗੋਵਿੰਦ, ਗੋਵਿੰਦੁ ਗੁਰੂ ਹੈ, ਨਾਨਕ ਭੇਦੁ ਨ ਭਾਈ।' [ਪੰ: ੪੪੨

ਗੁਰ ਦਾਤਾ ਹੈ, ਸਮਰੱਥ ਹੈ, ਡੁਬਦੇ ਨੂੰ ਤਾਰਨ ਵਾਲਾ ਹੈ। ਗੁਰੂ ਗਹਿਰ ਗੰਭੀਰ ਹੈ, ਸੁਖਾਂ ਦਾ ਸਾਗਰ ਹੈ, ਪਾਪਾਂ ਦਾ ਨਾਸ਼ ਕਰਨ ਵਾਲਾ ਹੈ। ਗੁਰੂ ਨਾਲ ਕਿਸੇ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ—

ਗੁਰੁ ਦਾਤਾ, ਸਮਰਥੁ ਗੁਰੁ, ਗੁਰੁ ਸਭ ਮਹਿ ਰਹਿਆ ਸਮਾਇ ॥ ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥ ੨ ॥ ਕਿਤੁ ਮੁਖਿ ਗੁਰੁ ਸਾਲਾਹੀਐ, ਕਰਣ ਕਾਰਣ ਸਮਰਥੁ ॥ ਸੇ ਮਥੇ ਨਿਹਚਲ ਰਹੇ, ਜਿਨ ਗੁਰਿ ਧਾਰਿਆ ਹਥੁ ॥ ਗੁਰਿ ਅੰਮ੍ਰਿਤ ਨਾਮੁ ਪੀਆਲਿਆ, ਜਨਮ ਮਰਨ ਕਾ ਪਥੁ ॥ ਗੁਰੁ ਪਰਮੇਸਰੁ ਸੇਵਿਆ, ਭੈ ਭੰਜਨੁ ਦੁਖ ਲਥੁ ॥੩॥ ਸਤਿਗੁਰੁ ਗਹਿਰ ਗੰਭੀਰੁ ਹੈ, ਸੁਖ ਸਾਗਰੁ ਅਘ-ਖੰਡੁ ॥ ਜਿਨਿ ਗੁਰੁ ਸੇਵਿਆ ਆਪਣਾ, ਜਮਦੂਤ ਨ ਲਾਗੈ ਡੰਡੁ ॥ ਗੁਰ ਤੁਲਿ ਨ ਲਗਈ, ਖੋਜਿ ਡਿਠਾ ਬ੍ਰਹਮੰਡੁ ॥ [ਸਿਰੀ ਰਾਗੁ ਮ: ੫, ਪੰ: ੪੯

ਗੁਰੂ ਜੀਅ-ਦਾਨ ਬਖਸ਼ਣ ਵਾਲਾ ਹੈ, ਇਸ ਲਈ ਸਭ ਤੋਂ ਵਡਾ ਦਾਤਾ ਹੈ—

'ਗੁਰ ਜੇਵਡੁ ਦਾਤਾ ਕੋ ਨਹੀ, ਜਿਨਿ ਦਿਤਾ ਆਤਮਦਾਨੁ ॥' [ਸਿਰੀ ਰਾਗ ਮ: ੫, ਪੰ: ੫੨

ਗੁਰੂ ਤੀਰਥ ਹੈ, ਪਾਰਜਾਤ ਹੈ, ਮਨ ਦੀਆਂ ਇਛਾਂ ਪੂਰਨ ਕਰਦਾ ਹੈ। ਗੁਰੂ ਦੇ ਦਿਤੇ ਨਾਮ ਰਾਹੀਂ ਸੰਸਾਰ ਦਾ ਉਧਾਰ ਹੁੰਦਾ ਹੈ। ਗੁਰੂ ਦੀ ਮਹਿਮਾ ਅਕਥ ਹੈ :—

'ਗੁਰੁ ਤੀਰਥੁ ਗੁਰੁ ਪਾਰਜਾਤੁ, ਗੁਰੁ ਮਨਸਾ ਪੂਰਣਹਾਰੁ ॥ ਗੁਰੁ ਦਾਤਾ, ਹਰਿ ਨਾਮੁ ਦੇਇ,



www.AKJ.Org

ਉਧਰੇ ਸਭੁ ਸੰਸਾਰੁ ॥ ਗੁਰੁ ਸਮਰਥੁ, ਗੁਰੁ ਨਿਰਕਾਰੁ, ਗੁਰੁਊਚਾ ਅਗਮ ਅਪਾਰੁ ॥ ਗੁਰ ਕੀ ਮਹਿਮਾ ਅਗਮੁ ਹੈ, ਕਿਆ ਕਥੇ ਕਥਨਹਾਰੁ ॥' [ਸ੍ਰੀ ਰਾਗੁ ਮ: ੫, ਪੰ: ੫੨

ਪ੍ਰਮਾਤਮਾ ਦੀ ਬਖਸ਼ਿਸ਼ ਦਵਾਰਾ ਜਦੋਂ ਗੁਰੂ ਮਿਲਦਾ ਹੈ ਤਾਂ ਹਨੇਰੇ ਮਨ ਵਿਚ ਪ੍ਰਕਾਸ਼ ਹੋ ਜਾਂਦਾ ਹੈ—

'ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ ਮਨ ਮੰਦਰ ਮਹਿ ਦੀਪਕੁ ਜਲਿਓ ॥ ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ ਘਰ ਕੀ ਕੀਮਤਿ ਪਰੀ ॥੭॥

[ਰਾਗ ਗਉੜੀ ਗੁਆਰੇਰੀ, ਪੰ: ੨੩੫

'ਅੰਧ ਕੂਪ ਮਹਿ ਦੀਪਕੁ ਬਲਿਓ, ਗੁਰਿ ਰਿਦੈ ਕੀਓ ਪਰਗਾਸ ॥' [ਸਾਰੰਗ ਮ: ੫, ਪੰ: ੧੨੧੨

ਗੁਰੂ-ਦੀਪਕ ਤੋਂ ਹੀ ਮਨੁੱਖੀ ਹਿਰਦੇ ਦਾ ਦੀਪਕ ਬਲ ਸਕਦਾ ਹੈ । ਫਿਰ ਤਿੰਨਾਂ ਭਵਣਾਂ ਵਿਚ ਹਰੀ ਦੀ ਜੋਤਿ ਪਸਰੀ ਹੋਈ ਦਿਸ ਆਉਂਦੀ ਹੈ—

'ਦੀਪਕ ਤੇ ਦੀਪਕੁ ਪਰਗਾਸਿਆ, ਤ੍ਰਿਭਵਣ ਜੋਤਿ ਦਿਖਾਈ ॥'

[ਰਾਮਕਲੀ ਦਖਣੀ ਮ: ੫, ਪੰ: ੯੦੭

ਮਹਾਂ ਮੂਰਖ ਤੋਂ ਗੁਰੂ ਹੀ ਗਿਆਨੀ ਬਨਾਣ ਦੀ ਸਮਰਥਾ ਰਖਦਾ ਹੈ :

'ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥'

[ਪ੍ਰਭਾਤੀ ਮ: ੫, ਪੰ: ੧੩੩੮

ਗੁਰੂ ਰਾਹੀਂ ਕਾਮਾਦਿਕ ਦੋਸ਼ਾਂ ਤੋਂ ਬਚਾਉ ਹੁੰਦਾ ਹੈ :

ਅਬ ਮੋਰੋ ਪੰਚਾ ਤੇ ਸੰਗੁ ਤੂਟਾ ॥ ਦਰਸਨੁ ਦੇਖਿ ਭਏ ਮਨਿ ਆਨਦ, ਗੁਰ ਕਿਰਪਾ ਤੇ ਛੂਟਾ ॥੧॥ਰਹਾਉ॥

[ਸਾਰੰਗ ਮ: ੫, ਪੰ: ੧੨੧੦

ਗੁਰੂ ਮਲਾਹ ਬਣ ਕੇ ਭਵ ਸਾਗਰ ਤੋਂ ਪਾਰ ਉਤਾਰਦਾ ਹੈ । ਗੁਰੂ ਦੀ ਸੇਵਾ ਨਾਲ ਜਮਾਂ ਤੋਂ ਛੁਟਕਾਰਾ ਮਿਲਦਾ ਹੈ । ਹਨੇਰੇ ਵਿਚ ਗੁਰੂ ਦਾ ਮੰਤ੍ਰ ਹੀ ਚਾਨਣ ਕਰਦਾ ਹੈ । ਗੁਰੂ ਦੇ ਹੁਕਮ ਨੂੰ ਕੋਈ ਨਹੀਂ ਮੇਟ ਸਕਦਾ । ਗੁਰੂ ਨਾਨਕ ਹੈ ਅਤੇ ਨਾਨਕ ਵਾਹਿਗੁਰੂ ਦਾ ਰੂਪ ਹੈ ।

ਗੁਰੁ ਬੋਹਿਥੁ ਤਾਰੇ ਭਵ ਪਾਰਿ ॥ ਗੁਰ ਸੇਵਾ ਜਮ ਤੇ ਛੁਟਕਾਰਿ ॥ ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥ ਗੁਰ ਕੈ ਸੰਗਿ ਸਗਲ ਨਿਸਤਾਰਾ ॥...ਗੁਰ ਕਾ ਸਬਦੁ ਨ ਮੇਟੈ ਕੋਇ ॥ ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥

[ਗੋਂਡ ਮਹਲਾ ੫, ਪੰ: ੮੬੪

ਗੁਰੂ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ :

ਕਹੁ ਨਾਨਕ ਪ੍ਰਭਿ ਇਹੈ ਜਨਾਈ ॥ ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥

[ਗੋਂਡ ਮ: ੫, ਪੰ: ੮੬੪

ਗੁਰੂ ਤੇ ਹਰੀ ਦੇ ਚਿਹਨ ਮਿਲਦੇ ਹਨ । ਹਰੀ ਹੀ ਗੁਰੂ ਵਿਚ ਹੋ ਕੇ ਵਰਤਦਾ ਹੈ । ਧੰਨ ਗੁਰੂ ਹੈ ਜੋ ਸਮਦਰਸੀ ਹੈ ਅਤੇ ਨਿੰਦਾ ਉਸਤਤ ਨੂੰ ਤਰ ਚੁਕਾ ਹੈ—

ਹਰਿ ਕਾ ਚਿਹਨੁ ਸੋਈ ਹਰਿ ਜਨ ਕਾ, ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥ ਧੰਨ ਧੰਨੁ ਗੁਰੂ ਨਾਨਕੁ ਸਮਦਰਸੀ, ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ ॥ [ਪੰ: ੧੨੬੪

ਗੁਰੂ ਪਾਰਸ ਹੈ ਜਿਸਦੀ ਛੁਹ ਨਾਲ ਜੀਵ ਉਤਮ ਹੋ ਜਾਂਦਾ ਹੈ ਅਤੇ ਅਦ੍ਰਿਸ਼ਟ ਅਗੋਚਰ ਪ੍ਰਮਾਤਮਾ ਨਾਲ ਅਭੇਦ ਹੁੰਦਾ ਹੈ—

ਗੁਰ ਪਾਰਸ ਹਮ ਲੋਹ, ਮਿਲਿ ਕੰਚਨੁ ਹੋਇਆ ਰਾਮ ॥ ਜੋਤੀ ਜੋਤਿ ਮਿਲਾਇ, ਕਾਇਆ ਗੜੁ ਸੋਹਿਆ ਰਾਮ ॥ ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ, ਹਉ ' ਸਤਿਗੁਰ ਕੈ ਬਲਿਹਾਰੀਐ ॥

[ਤੁਖਾਰੀ ਛੰਤ ਮ: ੪, ਪੰ: ੧੧੧੩

ਗੁਰੂ ਆਪ ਵੀ ਆਪਣੇ ਪਾਰਸ ਗੁਰੂ ਦੀ ਛੁਹ ਪ੍ਰਾਪਤ ਕਰਕੇ, ਪਾਰਸ ਬਣਿਆ ਹੈ। ਮਥੁਰਾ ਭਟ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਡਿਆਈ ਕਰਦਿਆਂ ਕਹਿੰਦਾਹੈ

ਪ੍ਰਗਟ ਜੋਤਿ ਜਗਮਗੈ, ਤੇਜੁ ਭੂਅ ਮੰਡਲਿ ਛਾਯਉ ॥ ਪਾਰਸੁ ਪਾਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥

[ਸਵਈਏ ਮਹਲ ਪੰਜਵੇਂ ਕੇ, ਪੰ: ੧੪੦੮

ਗੁਰੂ ਪ੍ਰਮਾਤਮਾ ਨਾਲ ਇਕ ਹੋਣ ਕਰਕੇ ਅਭੁੱਲ ਹੈ—



www.AKJ.Org

ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰੁ ॥
[ਸਿਰੀ ਰਾਗੁ ਮ: ੧, ਪੰ: ੬੧

ਨਲ ਭਟ ਕਹਿੰਦਾ ਹੈ ਅਜਿਹੇ ਗੁਰੂ ਨੂੰ ਸਦਾ ਚੇਤੇ ਰਖਣਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਨੇ ਨਾ ਗੁਰੂ ਨੂੰ ਵੇਖਿਆ ਹੈ ਤੇ ਨਾ ਹੀ ਗੁਰੂ ਦੀ ਸ਼ਰਨ ਲਈ ਹੈ ਉਨ੍ਹਾਂ ਦਾ ਸੰਸਾਰ ਤੇ ਆਉਣਾ ਨਿਸਫਲ ਹੈ—

ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ, ਗੁਰੂ ਸਤਿ ਕਹਿ ਨਲੁ ਕਹਿ ॥ ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ, ਤੇ ਅਕਯਥ ਸੰਸਾਰ ਮਹਿ ॥ [ਸਵਈਏ ਮਹਲੇ ਚਉਥੇ ਕੇ, ਪੰ: ੧੩੯੯

ਗੁਰੂ ਦੀ ਸ਼ਕਤੀ ਅਪਾਰ ਹੈ। ਉਹ ਕੱਚ ਤੋਂ ਕੰਚਨ ਕਰ ਦਿੰਦਾ ਹੈ, ਬਿਖ ਤੋਂ ਅੰਮ੍ਰਿਤ ਬਣਾ ਦਿੰਦਾ ਹੈ, ਲੋਹੇ ਤੋਂ ਲਾਲ ਕਰ ਸਕਦਾ ਹੈ, ਪੱਥਰ ਤੋਂ ਹੀਰਾ ਬਣਾ ਦਿੰਦਾ ਹੈ, ਕਾਠ ਤੋਂ ਚੰਦਨ ਵਿਚ ਬਦਲ ਦਿੰਦਾ ਹੈ ਅਤੇ ਪਸ਼ੂ ਪ੍ਰੇਤ ਤੋਂ ਦੇਵਤਾ ਬਣਾਣ ਦੀ ਸਮਰਥਾ ਰਖਦਾ ਹੈ।

ਕਚਹੁ ਕੰਚਨੁ ਭਇਅਉ, ਸਬਦੁ ਗੁਰ ਸ੍ਰਵਣਹਿ ਸੁਣਿਓ ॥ ਬਿਖੁ ਤੇ ਅੰਮ੍ਰਿਤੁ ਹੁਯਉ, ਨਾਮੁ ਸਤਿਗੁਰ ਮੁਖਿ ਭਣਿਅਉ ॥ ਲੋਹਉ ਹੋਯਉ ਲਾਲੁ, ਨਦਰਿ ਸਤਿਗੁਰ ਜਦਿ ਧਾਰੈ ॥ ਪਾਹਣ ਮਾਣਕ ਕਰੈ, ਗਿਆਨੁ ਗੁਰ ਕਹਿਅਉ ਬੀਚਾਰੈ ॥ ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ, ਦੁਖ ਦਰਿਦ੍ਰ ਤਿਨ ਕੇ ਗਇਅ ॥ ਸਤਿਗੁਰੂ ਚਰਨ ਜਿਨ ਪਰਸਿਆ, ਸੇ ਪਸੁ ਪਰੇਤ ਸੁਰਿ ਨਰ ਭਇਅ ॥
[ਸਵਈਏ ਮ: ੪ ਕੇ, ਪੰ: ੧੩੯੯

ਗੁਰੂ ਹੀ ਆਦਰਸ਼ਕ ਮਨੁੱਖ ਹੈ, ਪੂਰਨ ਹੈ। ਗੁਰੂ ਹੀ ਨਿਰੰਕਾਰ ਨਾਲ ਜੁੜਿਆ ਹੋਇਆ ਹੋਣ ਕਾਰਨ ਸੱਚਾ ਯੋਗੀ ਹੈ। ਗੁਰੂ ਨਿਰਾਕਾਰ ਦੀ ਹਜ਼ੂਰੀ ਰੂਪੀ ਦਸਮ ਦੁਆਰ ਵਿਚ ਸਮਾਧੀ ਸਥਿਤ ਹੈ—

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ, ਸਾਚ ਸਬਦਿ ਰਸਿ ਲੀਣਾ॥੧॥ ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ ॥ ਅਹਿਨਿਸਿ ਰਹੈ ਏਕ ਲਿਵ ਲਾਗੀ, ਸਾਚੇ ਦੇਖਿ ਪਤੀਣਾ ॥੧॥ ਰਹਾਉ ॥ ਰਹੈ ਗਗਨਪੁਰਿ, ਦ੍ਰਿਸਟਿ ਸਮੈਸਰਿ, ਅਨਹਤ ਸਬਦਿ ਰੰਗੀਣਾ ॥੨॥ ਸਤੁ ਬੰਧਿ ਕੁਪੀਨ ਭਰਪੂਰਿ ਲੀਣਾ, ਜਿਹਵਾ ਰੰਗਿ ਰਸੀਣਾ ॥੩॥
[ਰਾਮਕਲੀ ਦਖਣੀ ਮ: ੧, ਪੰ: ੯੦੭

ਗੁਰੂ ਆਪ ਆਦਰਸ਼ਕ ਤੇ ਪੁਗਿਆ ਹੋਇਆ ਹੈ ਅਤੇ ਆਪਣੇ ਵਰਗਾ ਬਣਾਣ ਦੀ ਸਮਰਥਾ ਰਖਦਾ ਹੈ, ਜਿਵੇਂ ਗੁਰੂ ਨਾਨਕ ਤੋਂ ਗੁਰੂ ਅੰਗਦ ਜੀ ਬਣੇ ਤੇ ਅਗੋਂ ਇਹੋ ਜੋਤਿ ਅਗਾਂਹ ਤੁਰਦੀ ਗਈ।

ਲਹਣੇ ਦੀ ਫੇਰਾਈਐ, ਨਾਨਕਾ ਦੋਹੀ ਖਟੀਐ ॥ ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥ [ਵਾਰ ਸਤਾ ਬਲਵੰਡ, ਪੰ: ੯੬੬

[ਦੂਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਮੇਲਨ ਸਮੇਂ ਪੜ੍ਹੇ ਗਏ ਖੋਜ-ਪੱਤਰ ਚੋਂ ਧੰਨਵਾਦ ਸਹਿਤ

---

# ਯਾਦ ਦੀ ਠੰਢਕ

[ਵਲੋਂ:—ਬੀਬੀ ਇੰਦਰਜੀਤ ਕੌਰ ਜੀ, ਕਾਨਪੁਰ]

ਯਾਦ ਤੇਰੀ ਵਿਚ ਸਾਈਆਂ ਜੀਉ, ਹੰਝੂ ਭਰ ਭਰ ਆਵਣ।
ਮਾਰੇ ਲਜਿਆ ਆਪੇ ਨੂੰ ਇਹ, ਅੱਖੀਆਂ ਵਿਚ ਲੁਕਾਵਣ।
ਭਰ ਨੈਣਾਂ ਨੂੰ ਬਾਹਰ, ਦੋ ਡਿਗਦੇ, ਬਾਕੀ ਮੁੜਦੇ ਅੰਦਰ;
ਯਾਦ ਤੇਰੀ ਦੀ ਠੰਢ ਜੋ ਸਾਰੀ, ਕਾਲਜੇ ਨੂੰ ਲੈ ਜਾਵਣ।

---



www.AKJ.Org

# ਅਕਾਲ ਪੁਰਖ ਦੀ ਤੱਤ ਲਖਤਾ

[ ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਸਰਬ ਵਿਆਪਕ ਅਕਾਲ ਪੁਰਖ ਪ੍ਰਮਾਤਮਾ ਦੀ ਸਰਬ ਵਿਆਪਕਤਾ ਦੀ ਤੱਤ-ਲਖਤਾ ਕੇਵਲ ਜੋਤਿ ਜਯੰਤੀ ਗੁਰਮੁਖਿ ਜੋਤਿ-ਪ੍ਰਗਟੀਸ਼ਰਾਂ ਨੂੰ ਹੀ ਹੁੰਦੀ ਹੈ। ਉਂਜ ਭਾਵੇਂ ਹਰ ਕੋਈ ਆਖ ਦੇਂਦਾ ਹੈ ਤੇ ਅਨੁਮਾਨ ਕਰ ਲੈਂਦਾ ਯਾ ਅਨੁਮਾਨ ਮਾਤ੍ਰ ਲੱਖਣ ਲਾ ਲੈਂਦਾ ਹੈ ਕਿ ਪ੍ਰਮਾਤਮਾ ਸਾਰੇ ਹੀ ਵਿਆਪਕ ਹੈ। ਵੇਦਾਂਤੀ ਤਾਂ ਏਸ ਅਨੁਮਾਨਕ ਬੂਝ ਬੁਝੱਕੜਤਾ ਨੂੰ ਹੀ ਬ੍ਰਹਮ-ਗਿਆਨ ਬਣਾਈ ਫਿਰਦੇ ਹਨ। ਤੈਸੇ ਹੀ ਮਨ-ਉਕਤ ਸਿਮਰਨ ਦੀਆਂ ਡੀਂਗਾਂ ਭਾਵੇਂ ਹਰ ਕੋਈ ਮਾਰਦਾ ਫਿਰੇ, ਪਰ ਵਾਸਤਵ ਵਿਚ ਤੱਤ-ਸਿਮਰਨ ਧੁਰੋਂ ਵਰੋਸਾਏ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੈ। ਜੋਤਿ ਪ੍ਰਗਟੰਤਰੀ ਗੁਰਮੁਖ ਜਨਾਂ ਨੂੰ ਘਟਿ ਘਟਿ ਅੰਤਰਿ ਹੀ ਜੋਤਿ ਜਗੰਨੀਆਂ ਲਿਸ਼ਕਾਂ ਪੈਂਦੀਆਂ ਦਿਸਦੀਆਂ ਹਨ। ਪਰ ਵਾਸਤਵ ਵਿਚ ਸਾਰੇ ਘਟਿ ਹੀ ਜੋਤਿ-ਜਗੰਤਰੀ ਨਹੀਂ ਹੁੰਦੇ। ਘਟਿ ਜੋਤਿ-ਜਗੰਤਰੀ ਗੁਰਮੁਖਿ ਜਨਾਂ ਨੂੰ ਦੂਜੇ ਘਟਾਂ ਅੰਦਰਿ ਭਾਵੇਂ ਜੋਤਿ-ਜਗੰਨਵੀ ਦੀਵੇ ਟਿਮ-ਟਿਮਾਉਂਦੇ ਅਤੇ ਲੱਸ ਲੱਸ ਕਰਦੇ ਦਿਸਦੇ ਹਨ,ਪਰ ਉਨ੍ਹਾਂ ਨੂੰ ਤਿਨ੍ਹਾਂ ਘਟਾਂ ਅੰਦਰਿ ਜੋਤਿ-ਅਛਾਦਨੀ ਛਉੜ, ਭਰਮ-ਭੀਤਨੀ ਕਿਵਾੜ ਜੜੇ ਹੋਏ ਭੀ ਸਾਫ਼ ਸੱਫ਼ਾਫ਼ ਨਜ਼ਰ ਆਉਂਦੇ ਹਨ, ਕਿਉਂਕਿ ਤਿਨ੍ਹਾਂ ਘਟ-ਹਟੜੀ-ਮਤਾ ਨੂੰ ਅਜੇ ਖ਼ੁਦ ਘਟਿ-ਜੋਤਿ-ਵਿਗਾਸ ਨਹੀਂ ਹੋਇਆ ਹੁੰਦਾ। ਇਹ ਘਟਿ-ਜੋਤਿ-ਅਛਾਦਨੀ ਛਉੜ, ਬਿਨਾਂ ਗੁਰ-ਸ਼ਬਦ (ਗੁਰਮੰਤ੍ਰ-ਸਤਿਨਾਮ) ਦੀ ਕਮਾਈ ਦੇ ਕੱਟੇ ਨਹੀਂ ਜਾ ਸਕਦੇ। ਮਨ-ਉਕਤ ਉਹ ਭਾਵੇਂ ਕਿਤਨਾ ਹੀ 'ਰਾਮ ਰਾਮ' 'ਹਰਿ ਹਰਿ' ਕਰਦੇ ਰਹਿਣ ਦਾ ਯਤਨ ਕਰਨ। ਸਤਿਨਾਮ ਗੁਰਮੰਤ੍ਰ ਦੇ ਸਿਮਰਨਹਾਰੇ ਘਟਿ-ਜੋਤਿ-ਸ਼ਬਦ-ਦੀਪਕੀ ਗੁਰਮੁਖ ਨੂੰ ਹੀ ਵਾਸਤਵ ਵਿਚ ਸਾਰੇ ਖੰਡਾਂ ਮੰਡਲਾਂ ਬ੍ਰਹਿਮੰਡਾਂ ਅੰਦਰਿ, ਧਰਨਿ, ਅਕਾਸ਼, ਸਸੀਅਰ, ਸੂਰ, ਨਖੱਤ੍ਰਾਂ ਅੰਦਰ, ਪਉਣ ਪਾਣੀ ਬੈਸੰਤਰ ਅੰਦਰ, ਦੀਪਾਂ, ਲੋਆਂ, ਪਾਤਲਾਂ, ਪੁਰੀਆਂ ਅੰਦਰ, ਸਗਲੀਆਂ ਖਾਣੀਆਂ ਬਾਣੀਆਂ ਤ੍ਰੈਗੁਣ ਮੁਖਾਣੀਆਂ ਅੰਦਰ, ਸਰਬੱਤਰ ਪਸ਼ੂ, ਪੰਖੀ, ਸਾਖ ਲਤਾ ਬਲੀਆਂ ਅੰਦਰ, ਸੂਖਮ ਸਥੂਲ ਸਭ ਜੰਤਾਂ ਅੰਦਰ, ਪਰਗਟ ਸਗਲੈ ਭਵਨਾਂ ਅੰਦਰ. ਸਾਰੇ ਸਤਿਨਾਮ ਦਾ ਗੁਰਮਤਿ ਸਿਮਰਨ ਜਾਪ ਹੁੰਦਾ ਸਰਵਣਿ ਹੁੰਦਾ ਹੈ। ਹੋਰ ਕੋਈ, ਏਹ ਸਾਹੀਆਂ ਵਿਅਕਤੀਆਂ ਵਾਸਤਵ ਵਿਚ ਤੱਤ ਸਿਮਰਨ ਨਹੀਂ ਕਰ ਰਹੀਆਂ ਹੁੰਦੀਆਂ। ਮਨ-ਉਕਤੀ ਬੋਲ-ਬਾਣੀਆਂ ਦੀ ਬਰੜਾਟ ਤੱਤ ਸਿਮਰਨ ਥੋੜੇਂ ਬਣ ਚਲਿਆ ਹੈ। ਬੋਲਣਹਾਰ ਬੋਲਦੇ ਪੁਰਸ਼ ਦਾ ਪ੍ਰਾਣ-ਚੁੰਬਕੀ-ਅਚੰਭਾ ਕੇਵਲ ਨਾਮ-ਅਭਿਆਸੀ ਗੁਰਮੁਖ ਜਨਾਂ ਨੂੰ ਹੀ ਬਿਸਮਾਦ ਰੂਪ ਹੋ ਕੇ ਪ੍ਰਤੀਤ ਹੁੰਦਾ ਹੈ। ਗੁਰ-ਸ਼ਬਦ-ਅਭਿਆਸ ਵਿਚ ਸਦਾ ਜੁੜੀ ਹੋਈ ਸੁਰਤੀ ਦੇ ਸੁਰਤੇਸ਼ਰਾਂ ਨੂੰ ਸੈਂ ਸੈਂ ਕਰਦੀ ਰਾਤ ਭੀ ਅਭਿਆਸ ਕਰਦੀ ਹੀ ਪ੍ਰਤੀਤ ਹੁੰਦੀ ਹੈ। ਤੇ ਸ਼ਬਦ-ਅਭਿਆਸ-ਸ਼ਕਤੀ ਤੋਂ ਸੂਨ ਸੁਸ਼ਕ ਗਿਆਨੀ, ਅਨੁਮਾਨ ਮਾਤਰ ਭਾਵੇਂ ਲੱਖਣ ਲਾ ਲੈਣ, ਪਰ ਨਾ ਹੀ ਉਨ੍ਹਾਂ ਦੀ ਸੁਰਤ ਜੁੜਦੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਸੁਆਦ ਆ ਸਕਦਾ ਹੈ।

"ਕਰਤੇ ਕੁਦਰਤੀ ਮੁਸਤਾਕ"

ਅਰਥਾਤ ਕਰਤੇ ਪੁਰਖ ਦੇ ਜ਼ਹੂਰ ਨੂੰ ਕੁਦਰਤ ਅੰਦਰ ਹਾਜ਼ਰਾ ਹਜ਼ੂਰ ਪ੍ਰਤੱਖ ਪੇਖਣਹਾਰੇ ਸ਼ਬਦ ਸੁਰਤੀਸ਼ਰ ਗੁਰਮੁਖ ਜਨਾਂ ਨੂੰ ਕੁਦਰਤ ਕਾਇਨਾਤ ਦਾ ਇਕ ਇਕ ਜ਼ੱਰਾ ਭੀ ਹੁਸਨਲ ਜਮਾਲ ਜੋਤੀ ਸਰੂਪ ਜਾਨੀਅੜੇ ਵਾਹਿਗੁਰੂ ਦੀਆਂ ਜੋਤਿ-ਜਲਵਨੀ ਕਿਰਨਾਂ ਨਾਲ ਜਗੰਨ ਹੋਇਆ ਨਜ਼ਰੀ ਆਉਂਦਾ ਹੈ ਅਤੇ ਇਸ ਬਿਸ੍ਵ ਸੰਸਾਰ ਦਾ ਰੇਸ਼ਾ ਰੇਸ਼ਾ ਉਸ ਦੇ ਜੋਤਿ-ਚਾਨਣੇ ਨਾਲ ਹੀ ਰੌਸ਼ਨ ਹੋਇਆ ਦਿਸਦਾ ਹੈ ਅਤੇ ਇਹ ਰੋਸ਼ਨਤਾ (ਰੁਸ਼ਨਾਈ) ਕੋਈ ਸੂਰਜ ਚੰਦ ਜਿਹੇ ਦ੍ਰਿਸ਼ਟਮਾਨ ਚਾਨਣੇ ਜਿਹੀ ਨਹੀਂ, ਕਿੰਤੂ ਇਸ ਦਿੱਬ-ਜੋਤ-ਚਾਨਣੇ ਅੱਗੇ ਕੋਟਿ ਸੂਰਜਾਂ ਦੇ ਚਾਨਣੇ ਇਕ ਟਣਾਣੇ ਟਟਿਆਣੇ) ਜਿਹੇ ਹੀ ਹਨ। ਏਨ੍ਹਾਂ ਸਾਰਿਆਂ ਚਾਨਣਿਆਂ ਦਾ ਜੋਤਿ-ਚਾਨਣਾ, ਪ੍ਰਕਾਸ਼ਾਂ ਦੇ ਪ੍ਰਕਾਸ਼ ਦਾ



www.AKJ.Org

ਜੋਤਿ-ਚਸ਼ਮਾ. ਅਗੰਮ ਅਦ੍ਰਿਸ਼ਟ ਅਗੋਚਰ ਊਚਾ, ਸਭ ਤੇ ਊਚਾ, ਦ੍ਰਿਸ਼ਟਮਾਨ ਉਚਿਆਈਆਂ ਤੋਂ ਅਤਿ ਊਚਾ, ਸਥੂਲ ਦ੍ਰਿਸ਼ਟਿ-ਸ਼ਕਤਿ ਤੋਂ ਅਪਰੰਪਰ, ਅਮਿਤ ਤੇਜ ਸੁੰਦਰਤਾ ਵਾਲਾ, ਤੇਜ ਪ੍ਰਕਾਸ਼ ਵਾਲੀ ਸੁੰਦਰਤਾ ਦਿਖਾ ਕੇ ਬਿਸਮਾਦ ਕਰਨਹਾਰਾ ਮੋਹਨ, ਗੁਰੂ ਵਾਹਿਗੁਰੂ ਪ੍ਰੀਤਮ ਜਿਨ੍ਹਾਂ ਵਡਭਾਗੇ ਗੁਰਮੁਖਾਂ ਨੇ ਸਾਂਗੋ ਪਾਂਗ ਡਿੱਠਾ ਹੈ, ਸੋ ਤਿਸ ਦ੍ਰਿਸ਼ਯ ਦੀ ਸੋਭਾ ਤਾਂ ਦੇਖੀ ਹੀ ਪ੍ਰਵਾਨ ਹੈ, ਕਹਿਬੇ ਕੋ ਸੋਭਾ ਨਹੀਂ । ਪ੍ਰੰਤੂ ਇਸ ਸਾਕਸ਼ਾਤਕਾਰ ਦਾ ਦਰਸਾਰ ਜਦ ਹੁੰਦਾ ਹੈ ਤਾਂ ਗੁਰ ਪ੍ਰਸਾਦਿ ਕਰਕੇ ਹੁੰਦਾ ਹੈ, ਅਤੇ ਹੁੰਦਾ ਗੁਰਮੁਖਾਂ ਨੂੰ ਹੀ ਹੈ, ਹਾਂ ਜੀ, ਗੁਰਮੁਖਾਂ ਨੂੰ । ਜੈਸਾ ਕਿ ਇਸ ਗੁਰ ਵਾਕ ਤੋਂ ਸਪੱਸ਼ਟ ਹੁੰਦਾ ਹੈ :—

ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ ॥ ਆਨ ਨ ਸਮਸਰਿ ਕੋਊ ਲਾਗੈ ਢੂੰਢਿ ਰਹੇ ਹਮ ਮੂਚਾ ॥੧॥ਰਹਾਉ॥ ਬਹੁ ਬੇਅੰਤੁ ਅਤਿ ਬਡੋ ਗਾਹਰੋ ਥਾਹ ਨਹੀ ਅਗਹੂਚਾ ॥ ਤੋਲਿ ਨ ਤੁਲੀਐ ਮੋਲਿ ਨ ਮੁਲੀਐ ਕਤ ਪਾਈਐ ਮਨ ਰੂਚਾ ॥੧॥ ਖੋਜ ਅਸੰਖਾ ਅਨਿਕਤ ਪੰਥਾ ਬਿਨੁ ਗੁਰ ਨਹੀ ਪਹੂਚਾ ॥ ਕਹੁ ਨਾਨਕ ਕਿਰਪਾ ਕਰੀ ਠਾਕੁਰ ਮਿਲਿ ਸਾਧੂ ਰਸ ਭੂਚਾ ॥ ੧ ॥ ੩ ॥ ੩੨ ॥

[ਦੇਵ ਗੰਧਾਰੀ ਮ: ੫, ਪੰਨਾ ੫੩੪

ਏਸ ਬਿਸਮਾਦ ਰੰਗਾਂ ਵਿਚ ਉਚਰੇ ਹੋਏ ਗੁਰਵਾਕ ਦਾ ਸਿਧਾਂਤ, ਨਿਚੋੜ ਇਹ ਹੈ ਕਿ ਜਿਸ ਅਤਿ ਊਚੇ, ਅਗਮ ਅਗੋਚਰ, ਬਹੁ ਬੇਅੰਤ, ਅੱਤ ਗਹਿਰ ਗੰਭੀਰ, ਅਗਹਿ, ਅਥਾਹ, ਅਦੁਤੀ ਪਾਰਬ੍ਰਹਮ, ਬਿਸਮ ਸਰੂਪ, ਪ੍ਰੀਤਮ ਵਾਹਿਗੁਰੂ ਦਾ ਪਾਰਾਵਾਰ ਕਿਸੇ ਤੋਂ ਵੀ ਨਹੀਂ ਲਿਆ ਜਾ ਸਕਦਾ, ਜਿਸ ਨੂੰ ਪਹੁੰਚਣ (ਪ੍ਰਾਪਤ ਕਰਨ) ਲਈ ਅਨੇਕ ਤੇ ਅਸਖ ਮਤ-ਮਤਾਂਤ ਖੋਜ ਖੋਜ ਕੇ ਹਾਰ ਥਕੇ, ਉਹ ਅਤਿ ਪ੍ਰੀਤਮ ਮਨ ਮੋਹਨਾ, ਘਟ ਸੋਹਨਾ ਵਾਹਿਗੁਰੂ, ਕੇਵਲ ਗੁਰ ਪ੍ਰਸਾਦੀ ਗੁਰੂ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ । ਉਸ ਨੂੰ ਗੁਰੂ-ਵਰੋਸਾਏ, ਗੁਰ-ਨਦਰੀ-ਨਦਰ-ਨਿਹਾਲ-ਕੀਤੇ-ਗੁਰਮੁਖ ਜਨਾਂ ਨੇ ਸਾਂਗੋ ਪਾਂਗ ਪੇਖਿਆ ਹੈ । ਗੁਰਮੁਖ, ਕੇਵਲ ਗੁਰਮੁਖ ਜਨ ਹੀ ਉਸ ਪਰਮੇਸ਼ਰ ਪ੍ਰਮਾਤਮਾ ਅਕਾਲ ਪੁਰਖ ਦਾ ਗੁਰ-ਕਿਰਪਾ ਦੁਆਰਾ ਸਾਖਸ਼ਾਤ ਦਰਸ਼ਨ ਦੀਦਾਰ ਕਰ ਸਕਦੇ ਹਨ । ਬਿਨਾਂ ਗੁਰੂ ਤੋਂ, ਬਿਨਾਂ ਸਤਿਗੁਰੂ ਨਾਨਕ ਨਿਰੰਕਾਰੀ ਅਰਥਾਤ ਗੁਰੂ ਦੀ ਦੀਖਿਆ, ਗੁਰਮੰਤਰ ਲਏ ਬਾਝੋਂ ਇਸ ਮੰਜ਼ਲ ਨੂੰ ਕੋਈ ਹੋਰ ਨਿਗੁਰਾ ਪੁਰਸ਼ ਨਹੀਂ ਪਹੁੰਚ ਸਕਦਾ । ਜਿਸ ਦੀ ਅਤੁੱਲ ਤੇ ਅਮੁੱਲ ਗੰਮਤਾ ਗੁਰੂ ਬਾਝੋਂ ਨਹੀਂ ਹੋ ਸਕਦੀ, ਉਸ ਨੂੰ ਭਲਾ ਮਨ-ਉਕਤ ਅਤੇ ਅਨੁਮਾਨ-ਯੁਕਤ ਰੁੱਚਤਾ (ਰੁਚੀਆਂ) ਦੁਆਰਾ ਕਿਵੇਂ ਪਾਇਆ ਜਾ ਸਕਦਾ ਹੈ ? ਸਤਿਗੁਰੂ ਦੀਖਿਆ-ਮਈ-ਗੁਰਮਤਿ ਜੁਗਤੀਓਂ ਖ਼ਾਲੀ ਨਾਨਾ ਪ੍ਰਕਾਰੀ ਮਨ ਦੀਆਂ ਮੱਤਾਂ, ਉਕਤੀਆਂ ਯੁਕ-ਤੀਆਂ ਵਾਲੇ ਸਿਮਰਨ ਭਾਵੇਂ ਕੋਈ ਲੱਖ ਕਰਦੇ ਫਿਰਨ ਪਰ ਕਿਸੇ ਲੇਖੇ ਨਹੀਂ । ਗੁਰੂ-ਦੀਖਿਆ ਤੋਂ ਸੁੰਨ (ਖ਼ਾਲੀ) ਸਿਮਰਨ ਤਾਂ ਅਜ਼ਲ ਤੋਂ ਲੈ ਕੇ ਹੁਣ ਤੀਕ ਕਰਤੇ ਪੁਰਖ ਦੀ ਨਾਨਾ ਪ੍ਰਕਾਰੀ ਰਚਨਾ ਅੰਦਰ ਹੋ ਹੀ ਰਹੇ ਹਨ, ਜਿਹਾ ਕਿ ਗੁਰਵਾਕ ਹੈ :—

ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥ ਪਉਣ ਪਾਣੀ ਬੈਸੰਤਰ ਸਿਮਰਹਿ, ਸਿਮਰੈ ਸਗਲ ਉਪਾਰਜਨਾ ॥੧॥ ਸਿਮਰਹਿ ਖੰਡ ਦੀਪ ਸਭਿ ਲੋਆ ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥ ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ ॥੨॥ ਸਿਮਰਹਿ ਬ੍ਰਹਮੇ ਬਿਸਨ ਮਹੇਸਾ॥ ਸਿਮਰਹਿ ਦੇਵਤੇ ਕੋੜਿ ਤੇਤੀਸਾ ॥ ਸਿਮਰਹਿ ਜਖਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ ॥੩॥ ਸਿਮਰਹਿ ਪਸੁ ਪੰਖੀ ਸਭਿ ਭੂਤਾ ॥ ਸਿਮਰਹਿ ਬਨ ਪਰਬਤ ਅਉਧੂਤਾ ॥ ਲਤਾ ਬਲੀ ਸਾਖ ਸਭ ਸਿਮਰਹਿ, ਰਵਿ ਰਹਿਆ ਸਭ ਮਨਾ ॥੪॥ ਸਿਮਰਹਿ ਥੂਲ ਸੂਖਮ ਸਭਿ ਜੰਤਾ ॥ ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥ ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ ॥੫॥ ਸਿਮਰਹਿ ਨਰ ਨਾਰੀ ਆਸ੍ਰਮਾ ॥ ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥ ਸਿਮਰਹਿ ਗੁਣੀ



www.AKJ.Org

ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾ ॥੬॥ ਸਿਮਰਹਿ ਘੜੀ ਮੂਰਤ ਪਲ ਨਿਮਖਾ॥ ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥ ਸਿਮਰਹਿ ਸਉਣ ਸਾਸਤ੍ਰ ਸੰਜੋਗਾ ਅਲਖੁ ਨ ਲਖੀਐ ਇਕੁ ਖਿਨਾ ॥੭॥ ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ਕਰਿ ਕਿਰਪਾ ਜਿਸੁ ਭਗਤੀ ਲਾਵਹੁ ਜਨਮੁ ਪਦਾਰਥ ਸੋ ਜਿਨਾ ॥੮॥ ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥ ਪੂਰੈ ਕਰਮਿ ਗੁਰ ਕਾ ਜਪੁ ਜਪਨਾ ॥ ਸਰਬ ਨਿਰੰਤਰਿ ਸੋ ਪ੍ਰਭੁ ਜਾਤਾ ਬਹੁੜਿ ਨ ਜੋਨੀ ਭਰਮਿ ਰੁਨਾ ॥੯। ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥ ਦੂਖ ਦਰਦ ਭ੍ਰਮੁ ਤਾ ਕਾ ਭਾਗੈ ॥ ਸੂਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ ।੧੦॥

[ਮਾਰੂ ਸੋਲਹੇ ਮ: ੫, ਪੰਨਾ ੧੦੭੮

ਸਾਰ ਸਿੱਟਾ ਪਿਛਲੀਆਂ ਤੁਕਾਂ ਅੰਦਰਿ ਹੈ ਅਤੇ ਖ਼ਾਸ ਮੋਟੇ ਲਿਖੇ ਅੱਖ਼ਰਾਂ ਵਾਲੀਆਂ ਪੰਗਤੀਆਂ ਅੰਦਰ ਹੈ ਕਿ ਭਾਵੇਂ ਪਹਿਲੀਆਂ ਤੁਕਾਂ ਅੰਦਰ ਵਰਨਣ ਕੀਤੇ ਬ੍ਰਹਮਾ, ਬਿਸ਼ਨ, ਮਹੇਸ਼, ਤੇਤੀਸ ਕਰੋੜ ਦੇਵਤੇ, ਜੱਖ, ਕਿੰਨਰ, ਪਿਸਾਚ ਆਦਿਕ ਅਨਿਕ ਪ੍ਰਕਾਰੀ ਲੱਖ ਚਉਰਾਸੀ ਜਾਂ ਜੰਤ ਸੁਤੇ ਪ੍ਰਵਾਹ ਬੋਲ-ਰਟਨ ਅਤੇ ਮਨ-ਉਕਤ ਮੰਤ ਭਾਖਿਆ ਦੁਆਰਾ ਮਨ-ਉਕਤ ਸਿਮਰਨ ਕਰਦੇ ਹਨ ਅਤੇ ਕਰਦੇ ਚਲੇ ਆ ਰਹੇ ਹਨ, ਪਰ ਇਹ ਕਿਸੇ ਲੇਖੇ ਨਹੀਂ ਪੈਂਦੇ। ਇਸ ਬਿਧੇ ਮਨ-ਉਕਤ ਰਟਨ ਸਿਮਰਨ ਕਰਿ—

"ਅਗਨਤੁ ਨਾ ਜਾਈ ਜਸੁ ਗਨਾ" ਅਤੇ "ਅਲਖੁ ਨ ਲਖੀਐ ਇਕੁ ਖਿਨਾ" ਵਾਲਾ ਸਿੱਟਾ ਹੀ ਨਿਕਲਦਾ ਹੈ, ਅਰਥਾਤ ਮਨ-ਉਕਤ ਕਿਰਤਮ ਨਾਮਾਂ ਦਾ ਜਾਪ ਅਲਖ ਨੂੰ ਲਖਣ ਵਾਲੇ ਗੁਰਮਤਿ ਤਤ ਆਦਰਸ਼ ਨੂੰ ਨਹੀਂ ਪੁਜ ਸਕਦਾ ਅਰ ਨਾ ਹੀ ਪ੍ਰਾਪਤ ਕਰ ਸਕਦਾ ਹੈ, ਪਰ ਪੂਰੇ ਕਰਮਾਂ ਕਰ ਕੇ ਜਿਨ੍ਹਾਂ ਗੁਰਮੁਖਾਂ ਨੇ "ਗੁਰ ਕਾ ਜਪੁ ਜਪਨਾ" ਵਾਲਾ ਸਤਿਨਾਮ ਗੁਰ-ਮੰਤ੍ਰ, ਜਾਪ-ਮਈ-ਗੁਰਮਤਿ ਮਾਰਗ ਗ੍ਰਹਿਣ ਕੀਤਾ ਹੈ ਅਤੇ ਇਸ ਬਿਧ ਜਿਸ ਵਡਭਾਗੀ ਗੁਰਮੁਖ ਪਿਆਰ ਗੁਰਸਿਖ ਉਪਰ "ਕਰਿ ਕਿਰਪਾ ਜਿਸੁ ਭਗਤੀ ਲਾਵਹੁ" ਵਾਲਾ ਕਿਰਪਾ ਕਟਾਕਸ਼ ਹੋਇਆ ਹੈ ਉਸਨੇ ਹੀ "ਜਨਮੁ ਪਦਾਰਥ ਸੋ ਜਿਨਾ" ਦੀ ਗੁਰ ਪੰਗਤੀ ਦੇ ਭਾਵ ਅਨੁਸਾਰ ਜਨਮ ਪਦਾਰਥ ਨੂੰ ਜਿੱਤਿਆ ਹੈ ਅਤੇ ਉਸ ਨੇ ਹੀ "ਸਰਬ ਨਿਰੰਤਰ ਸੋ ਪ੍ਰਭੁ ਜਾਤਾ" ਦੀ ਗੁਰਵਾਕ ਤੁਕ ਦੇ ਸਾਰ ਭਾਵ ਅਨੁਸਾਰ ਅੱਲਖ ਪ੍ਰਭੂ ਪ੍ਰਮਾਤਮਾ ਨੂੰ ਸਰਬ ਘਟਾਂ ਵਿਖੇ ਅਤੇ ਸਰਬ ਨਿਰੰਤਰ ਰਮਿਆ ਹੋਇਆ ਸਾਖਸ਼ਾਤ ਸਾਂਗੋ ਪਾਂਗ ਲਖਿਆ ਪੇਖਿਆ ਹੈ। ਇਹ ਐਵੇਂ ਕੁਦਰਤ-ਕਦਰਾਲੂਆਂ, ਕੁਦਰਤ-ਪ੍ਰਸਤਾਂ (**naturalists**) ਦੀ ਸਥੂਲ ਗਿਆਤ, ਇੰਦ੍ਰਿਆਂ ਵਾਲੀ ਅਨੁਮਾਨਕ ਫ਼ਰਜ਼ਾ-ਫਰਜ਼ੀ ਨਹੀਂ, ਬਲਕਿ ਐਨ ਸਾਖਸ਼ਾਤਕਾਰ ਲਖਤਾ ਵਾਲੀ ਦਿੱਬ-ਦਰਸਾਰ ਹੈ। ਜਿਸ ਗੁਰਮੁਖ ਜਨ ਦੀ ਗੁਰਮਤਿ-ਨਾਮ ਦੀ ਜ਼ਾਪ-ਕਲਾ ਦੁਆਰਾ ਅਜਿਹੀ ਦਿੱਬ-ਗਿਆਨ-ਦ੍ਰਿਸ਼ਟੀ ਖੁਲ੍ਹ ਗਈ ਹੈ ਸੋ "ਬਹੁੜਿ ਨ ਜੋਨੀ ਭਰਮਿ ਰੁਨਾ" ਵਾਲੇ ਲਖ-ਚਉਰਾਸੀ ਦੇ ਗੇੜ ਵਿਚ ਪੈ ਪੈ ਕੇ ਤੇ ਭਰਮ ਭਰਮ ਕੇ ਰੋਂਦਾ ਖੁਆਰ ਨਹੀਂ ਹੁੰਦਾ। ਜਿਸ ਦੇ ਮਨ ਅੰਦਰ ਸਤਿਨਾਮ ਗੁਰਮੰਤ੍ਰ ਰੂਪੀ "ਗੁਰ ਕਾ ਸਬਦੁ ਵਸੈ" ਵਸ ਜਾਂਦਾ ਹੈ ਤਿਸ ਦਾ "ਦੂਖੁ ਦਰਦੁ ਭ੍ਰਮੁ" ਨਸ ਜਾਂਦਾ ਹੈ (ਨਾਸ ਹੋ ਜਾਂਦਾ ਹੈ)। ਉਸ ਦੀ ਆਤਮ ਬਿਵਸਥਾ ਸਦਾ "ਸੂਖ ਸਹਜ ਆਨੰਦ ਨਾਮ ਰਸੁ" ਵਿਚ ਮਸਤ ਅਤੇ ਲਿਵਲੀਨ ਰਹਿੰਦੀ ਹੈ, ਅਤੇ ਉਸ ਨੂੰ ਅਨਹਦ ਬਾਣੀ ਮਈ ਸਹਿਜ ਧੁਨ ਆਣ ਉਦੇ ਹੁੰਦੀ ਹੈ। ਇਹ ਬਰਕਤਾਂ ਕੇਵਲ ਗੁਰਮਤਿ ਨਾਮ (ਸਤਿਨਾਮ ਗੁਰਮੰਤ੍ਰ) ਵਿਚ ਹੀ ਹਨ। ਕ੍ਰਿਤਮ ਨਾਮ ਏਨ੍ਹਾਂ ਬਰਕਤਾਂ ਤੋਂ ਬੰਚਤ [ਵਾਂਝਿਆ ਹੋਇਆ] ਹੈ, ਸਿਧ ਸਾਧਕ ਬ੍ਰਹਮੇ ਇੰਦ੍ਰ ਆਦਿਕ ਸਭ ਏਨ੍ਹਾਂ ਬਰਕਤਾਂ ਤੋਂ ਬਚਤ ਫਿਰਦੇ ਹਨ, ਕਿਉਂਕਿ ਉਹ ਗੁਰਮਤਿ-ਨਾਮ ਤੋਂ ਖ਼ਾਲੀ ਹਨ। ਅਤੇ ਇਹ ਉੱਚ-ਪਰਮਾਰਥੀ-ਬਰਕਤਾਂ ਕੇਵਲ ਗੁਰ-ਸ਼ਬਦ, ਗੁਰ-ਮੰਤ੍ਰ [ਸਤਿਨਾਮ] ਦੇ ਤੁਫ਼ੈਲ ਹੀ ਹੁੰਦੀਆਂ ਹਨ।

['ਗੁਰਮਤ ਲੇਖ' ਪੁਸਤਕ ਵਿਚ

———



www.AKJ.Org

# ਸੰਤ ਅਤਰ ਸਿੰਘ ਜੀ ਤੇ ਸੰਤ ਬਾਬਾ ਸ਼ਾਮ ਸਿੰਘ ਜੀ

[ ਪ੍ਰੋ: ਪ੍ਰਕਾਸ਼ ਸਿੰਘ ਜੀ, ਸਿਖ ਇਤਿਹਾਸ ਖੋਜ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ ]

ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਖੇ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ ਦਾ ਇਕ ਡੇਰਾ ਹੈ। ਉਥੇ ਬਾਬਾ ਜੀ ਦਾ ਇਕ ਹਥ-ਲਿਖਤ ਗ੍ਰੰਥ—"ਹਰਿ ਭਗਤ ਪ੍ਰੇਮ ਪ੍ਰਕਾਸ਼"—ਸੁਰਖਿਅਤ ਹੈ।* ਉਸ ਵਿਚ ਬਾਬਾ ਜੀ ਵਲੋਂ ਸੰਤ ਅਤਰ ਸਿੰਘ ਜੀ ਬਾਰੇ ਇਕ ਸੰਖੇਪ, ਪਰ ਭਾਵ-ਪੂਰਤ ਜ਼ਿਕਰ ਹੈ। ਹਵਾਲਾ ਇਿਜ ਹੈ :—

"ਸ੍ਰੀ ਭਾਈ ਅਤਰ ਸਿੰਘ ਜੀ ਸੰਤ, ਅਠ ਪਹਿਰ ਹੀ ਹਰਿ ਸਿਮਰਨ, ਹਰਿ ਕੀਰਤਨ, ਅਰ ਗੁਰਮਤਿ ਪ੍ਰਚਾਰ ਕਾ ਜਿਨਕਾ ਬਿਵਹਾਰ ਹੈ, ਮਸਤੂਆਣੇ ਮੇਂ ਨਿਵਾਸ ਕਰਤੇ ਹੈਂ। ਇਨਕੇ ਮੁਖਾਰਬਿੰਦ ਸੇ ਉਚਾਰੇ ਸ਼ਬਦ ਪ੍ਰੇਮੀਆਂ ਕੇ ਮਨ ਕੋ ਆਨੰਦ ਅਰ ਰਸ ਦੇ ਕਰ, ਉਨਕੇ ਪ੍ਰੇਮ ਕੋ ਦੂਣਾ ਕਰ ਦੇਤੇ ਹੈਂ। ਜਾ ਤੇ ਸੰਤੋਂ ਮੈ ਜਤ ਸਤ, ਅਰ ਸੰਜਮ ਕਾ ਬਲ ਭੀ ਹੋਇਆ ਅਰ ਪ੍ਰੇਮ ਭੀ ਸੱਚਾ ਹੋਇਆ। ਇਹ ਸੰਤ ਐਸੇ ਉਪਕਾਰੀ ਹੈਂ ਜੋ ਹਜ਼ਾਰੋਂ ਹੀ ਲੋਗਾਂ ਨੂੰ ਉਪਦੇਸ਼ ਦੇ ਕੇ, ਸਿਖੀ ਧਰਮ ਕਾ ਅੰਮ੍ਰਿਤ ਛਕਾ ਕੇ, ਸਿੰਘ ਸਜਾ ਕੇ, ਗੁਰ-ਬਾਣੀ ਪੜ੍ਹਨ, ਸੁਣਨ ਅਰ ਕੀਰਤਨ ਕਰਨ ਮੇਂ ਲਗਾ ਦਿੱਤਾ ਹੈ। ਅਰ ਸੈਂਕੜੇ ਆਦਮੀ ਜੋ ਰਹਿਤ ਮਰਿ-ਆਦਾ ਵਿਚ ਕਚੇ ਸੇ, ਤਿਨ ਮੋਂ ਸੰਤਾਂ ਕੀ ਕ੍ਰਿਪਾ ਸੇ ਗੁਰਸਿਖੀ ਕੀ ਰਹੁ-ਰੀਤ ਅਨੁਸਾਰ ਵਰਤਨੇ ਕਾ ਬਲ ਹੋ ਗਿਆ ਹੈ। ਐਸੇ ਸੰਤ ਧਨ ਹਨ।"

ਸਪੱਸ਼ਟ ਹੈ ਕਿ ਬਾਬਾ ਸ਼ਾਮ ਸਿੰਘ ਜੀ ਨੇ ਸੰਤ ਜੀ ਪ੍ਰਤੀ ਇਹ ਸ਼ਬਦ ਓਦੋਂ ਲਿਖੇ ਜਦ ਕਿ ਉਹ ਮਸਤੂਆਣੇ ਡੇਰਾ ਬਣਾ ਚੁਕੇ ਸਨ। ਪਰ ਇਨ੍ਹਾਂ ਦੋਹਾਂ ਮਹਾਂ ਪੁਰਸ਼ਾਂ ਦਾ ਮਿਲਾਪ ਇਸ ਤੋਂ ਚੋਖਾ ਸਮਾਂ ਪਹਿਲਾਂ ਹੋ ਚੁਕਾ ਸੀ। ਬਾਬਾ ਜੀ ਸੰਤਾਂ ਤੋਂ ਉਮਰੋਂ ਬਹੁਤ ਵਡੇ ਸਨ। ਜਦੋਂ ਸੰਤ ਅਤਰ ਸਿੰਘ ਜੀ ਦਾ ਜਨਮ ਹੋਇਆ, ਬਾਬਾ ਜੀ ਦੀ ਆਯੂ ਲਗ ਪਗ ਸੱਠ ਸਾਲ ਦੀ ਸੀ। ਦੋਹਾਂ ਮਹਾਂ ਪੁਰਖਾਂ ਦੀ ਮੁਲਾਕਾਤ ਪਹਿਲੀ ਵਾਰ ਸ੍ਰੀ ਪੰਜਾ ਸਾਹਿਬ ਵਿਖੇ ਹੋਈ। ਸੰਤ ਜੀ ਉਥੇ ਕਾਫ਼ੀ ਸਮੇਂ ਤੋਂ ਪਹੁੰਚੇ ਹੋਏ ਸਨ। ਆਪ ਜੀ ਦੇ ਨਾਲ ਭਾਈ ਨਰੈਣ ਸਿੰਘ ਸਰੰਦੇ ਵਾਲੇ ਅਤੇ ਭਾਈ ਬੂਟਾ ਸਿੰਘ ਜੀ ਸਨ, ਜੋ ਕਿ ਹਰ ਰੋਜ਼ ਦੋਵੇਂ ਵੇਲੇ ਉਥੇ ਕੀਰਤਨ ਕਰਦੇ। ਸੰਤ ਜੀ ਆਮ ਤੌਰ ਤੇ ਇਥੇ ਕੀਰਤਨ ਸੁਣਦੇ ਹੀ ਸਨ, ਪਰ ਕਦੇ ਕਦੇ ਜਦ ਲਹਿਰ ਆਉਂਦੀ ਤਦ ਜੋਟੀਆਂ ਵਿਚ ਕੀਰਤਨ ਕਰਦੇ। ਸੰਤ ਜੀ ਦੀ ਸੁਰ ਪੰਚਮ ਵਿਚ ਸੀ। ਰਾਗੀ ਨਰਾਇਣ ਸਿੰਘ ਜੀ ਕਈ ਵਾਰੀ ਇਤਨਾ ਵੈਰਾਗ-ਮਈ ਕੀਰਤਨ ਕਰਦੇ ਕਿ ਸੰਤ ਜੀ ਚਿਹਰੇ ਤੇ ਰੁਮਾਲ ਪਾ ਕੇ ਵੈਰਾਗ ਵਿਚ ਰੋਈ ਜਾਂਦੇ। ਵੈਰਾਗ-ਮੂਰਤ ਨਾਮ-ਰਸ ਤੇ ਪ੍ਰੇਮ ਵਿਚ ਭਿਜੇ ਹੋਏ 'ਅਮਿਉ ਚਲਹਿ ਝਰਨੇ' ਦੇ ਮਹਾਂ ਵਾਕ ਅਨੁਸਾਰ ਨਿਝਰ ਝਰਨਿਆਂ ਵਿਚ ਵਹਿ ਟੁਰਦੇ। ਅਨੇਕਾਂ ਸੰਗਤਾਂ ਦੀਵਾਨ ਵਿਚ ਜੁੜਦੀਆਂ। ਕਈ ਦਿਨ ਇਹ ਪਰਮ ਪਵਿੱਤਰ ਲਹਿਰ ਪੰਜਾ ਸਾਹਿਬ ਦੀ ਪਾਵਨ ਧਰਤੀ ਵਿਚ ਚਲਦੀ ਰਹੀ। ਵਾਹਿਗੁਰੂ ਦੇ ਹੁਕਮ ਵਿਚ ਬ੍ਰਹਮ ਗਿਆਨੀ ਸੰਤ ਬਾਬਾ ਸ਼ਾਮ ਸਿੰਘ ਜੀ †ਯਾਤਰਾ ਲਈ ਇਥੇ ਆਏ।

---

*ਇਸ ਗ੍ਰੰਥ ਦਾ ਇਕ ਉਤਾਰਾ ਹੁਣੇ ਹੁਣੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸਿਖ ਹਿਸਟਰੀ ਰੀਸਰਚ ਵਿਭਾਗ ਲਈ ਪ੍ਰਾਪਤ ਕੀਤਾ ਗਿਆ ਹੈ।

†ਮਹਾਨ ਪਰਉਪਕਾਰੀ ਆਤਮਾ ਤੇ ਬ੍ਰਹਮ ਗਿਆਨੀ ਜੀ ਦਾ ਜਨਮ ਸੰਨ ੧੮੦੦ ਈ: ਦੇ ਲਗ ਪਗ ਸ਼ਾਹਪੁਰ ਵਿਖੇ ਹੋਇਆ। ਛੋਟੇ ਹੁੰਦਿਆਂ ਸੰਤ ਰਾਮ ਸਿੰਘ ਜੀ ਕੋਲ ਅੰਮ੍ਰਿਤਸਰ ਆ ਗਏ, ਜੋ ਕਿ ਸੰਤ ਸਹਾਈ ਸਿੰਘ ਜੀ ਦੇ ਸ਼ਿਸ਼ ਸਨ। ਸੰਤ ਰਾਮ ਸਿੰਘ ਜੀ ਪਿਛੋਂ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਪਰਚਾਰ ਤੇ ਕੀਰਤਨ ਦਾ ਕਾਰਜ ਜਾਰੀ ਰਖਿਆ। ਆਪ ਨੇ ਲਗਾਤਾਰ ਲਗ ਪਗ ੭੫ ਸਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕੀਤਾ। ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ ੧੯੨੩, ਸੰਤੋਖ ਸਰ ਤੇ ਸ੍ਰੀ ਤਰਨ ਤਾਰਨ ਸਾਹਿਬ ਦੀ ਹੰਸਲੀ ਆਪ ਦੇ ਉਤਸ਼ਾਹ ਤੇ ਪ੍ਰੇਰਨਾ ਦਾ ਨਤੀਜਾ ਹਨ। ਆਟਾ ਮੰਡੀ ਅੰਮ੍ਰਿਤਸਰ ਵਿਚ ਬਾਬਾ ਸ਼ਾਮ ਸਿੰਘ ਜੀ ਦਾ ਡੇਰਾ ਪ੍ਰਸਿਧ ਹੈ ਜਿਥੇ ਉਨ੍ਹਾਂ ਦਾ ਹਥ-ਲਿਖਤ ਗ੍ਰੰਥ 'ਹਰਿ ਭਗਤ ਪ੍ਰੇਮ ਪ੍ਰਕਾਸ਼' ਤੇ ਕੁਝ ਹੋਰ ਵਸਤੂਆਂ ਸੁਰਖਿਅਤ ਹਨ। ਇਸ ਗ੍ਰੰਥ ਵਿਚ ਪਰਮਾਰਥ ਤੇ ਇਤਿਹਾਸ ਦੀਆਂ ਬਾਤਾਂ ਤੋਂ ਛੁਟ ਕੁਝ ਕੁ ਸੰਤਾਂ, ਮਹਾਂ ਪੁਰਸ਼ਾਂ ਤੇ ਸੇਵਾ-ਪੰਥੀ ਸਾਧੂਆਂ ਦਾ ਜ਼ਿਕਰ ਹੈ। ਬਾਬਾ ਜੀ ੨੩ ਅਪ੍ਰੈਲ ੧੯੨੬ ਨੂੰ ਸਮਾਏ।

www.AKJ.Org

ਦੋਹਾਂ ਉਚ ਹਸਤੀਆਂ ਦਾ ਆਸਾ ਦੀ ਵਾਰ ਦੇ ਦੀਵਾਨ ਵਿਚ ਮੇਲ ਹੋਇਆ। ਤਾਰ ਨਾਲ ਤਾਰ ਖੜਕੀ। ਦੋਨੋਂ ਮਹਾਂ ਪੁਰਸ਼ ਕਈ ਦਿਨ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮ-ਰਸ ਅਤੇ ਸ਼ਬਦ-ਰੰਗ ਮਾਣਦੇ ਰਹੇ। ਇੰਜ ਇਨ੍ਹਾਂ ਦਾ ਆਪੋ ਵਿਚ ਅੰਤਰ-ਆਤਮੇ ਡੂੰਘਾ ਪਿਆਰ ਹੋ ਗਿਆ।।

ਸੰਤ ਬਾਬਾ ਸ਼ਾਮ ਸਿੰਘ ਜੀ ਨੇ ਅੰਮ੍ਰਿਤਸਰ ਲਈ ਵਾਪਸ ਤੁਰਨ ਸਮੇਂ ਸੰਤ ਅਤਰ ਸਿੰਘ ਜੀ ਜੋਗ ਸ੍ਰੀ ਅੰਮ੍ਰਿਤਸਰ ਆਉਣ ਦੀ ਪ੍ਰੇਰਨਾ ਕੀਤੀ। ਸੰਤਾਂ ਨੇ ਬਾਬਾ ਜੀ ਨੂੰ ਕਹਿਆ, ਆਪ ਅਗੇ ਅਗੇ ਚਲੋ, ਅਸੀਂ ਮਗਰ ਪਹੁੰਚੇ ਜਾਣੇ।

ਬਾਬਾ ਜੀ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਬੀਮਾਰ ਹੋ ਗਏ। ਇਧਰ ਸੰਤ ਜੀ ਨੂੰ ਇਤਨੀ ਤੀਬਰ ਖਿਚ ਹੋਈ ਕਿ ਇਕੱਲੇ ਹੀ ਗੱਡੀ ਚੜ੍ਹ ਕੇ ਸ੍ਰੀ ਅੰਮ੍ਰਿਤਸਰ ਪੁਜ ਗਏ।

ਬਾਬਾ ਜੀ ਨੇ ਸੰਤਾਂ ਦਾ ਡੇਰਾ ਸ: ਆਤਮਾ ਸਿੰਘ ਸਿੰਧੀ ਦੇ ਬੁੰਗੇ ਕਰਵਾ ਦਿਤਾ। ਸੰਤ ਜੀ ਹਰ ਰੋਜ਼ ਮੰਜੀ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਆਸਾ ਦੀ ਵਾਰ ਦਾ ਕੀਰਤਨ ਕਰਦੇ ਰਹੇ। ਨਾਮ ਬਾਣੀ ਦਾ ਅਤੁਟ ਪਰਵਾਹ ਚਲਦਾ ਰਹਿਆ ਅਤੇ ਦੋਵੇਂ ਮਹਾਂ-ਪੁਰਸ਼ ਹਰ ਰੋਜ਼ ਮਿਲਦੇ ਰਹੇ। ਇਕ ਦਿਨ ਸੰਤ ਜੀ ਆਪਣੇ ਬੁੰਗੇ ਵਿਚ ਸਮਾਧ-ਸਥਿਤ ਹੋ ਕੇ ਨਾਮ-ਸਿਮਰਨ ਵਿਚ ਲਿਵਲੀਨ ਸਨ ਕਿ ਸ਼ਾਮ ਦੇ ਵੇਲੇ ਸੰਤ ਬਾਬਾ ਸ਼ਾਮ ਸਿੰਘ ਜੀ ਬਾਜੇ ਗਾਜਿਆਂ ਨਾਲ ਕੁਝ ਪ੍ਰੇਮੀਆਂ ਸਮੇਤ ਉਸ ਬੁੰਗੇ ਪਾਸ ਆ ਗਏ। ਬਾਬਾ ਜੀ ਨੇ ਵਾਜੇ ਵਾਲਿਆਂ ਨੂੰ ਵਾਜੇ ਵਜਾਉਣ ਦੀ ਆਗਿਆ ਕੀਤੀ, ਜਿਸ ਨਾਲ ਸੰਤਾਂ ਦੀ ਸਮਾਧੀ ਖੁਲ੍ਹ ਗਈ।

ਬਾਬਾ ਜੀ ਪਉੜੀ ਰਾਹੀਂ ਬੁੰਗੇ ਜਾ ਚੜ੍ਹੇ। ਨਾਲ ਹੀ ਹੋਰ ਪ੍ਰੇਮੀ ਵੀ ਬੁੰਗੇ ਵਿਚ ਦਾਖ਼ਲ ਹੋਏ। ਬਾਬਾ ਜੀ ਜੋ ਸਮਿਗ੍ਰੀ—ਛੁਹਾਰੇ, ਬਦਾਮ, ਮੇਵਾ, ਗਿਰੀ ਆਦਿਕ ਨਾਲ ਲਿਆਏ ਸਨ ਉਹ ਸੰਤਾਂ ਦੀ ਭੇਟਾ ਕਰ ਕੇ ਨਮਸਕਾਰ ਕੀਤੀ। ਇੰਜ ਹੀ ਸੰਤਾਂ ਨੇ ਬਾਬਾ ਜੀ ਨੂੰ ਨਮਸਕਾਰ ਕੀਤੀ। ਬਾਬਾ ਜੀ ਦੀ ਉਮਰ ਉਸ ਵੇਲੇ ੯੦-੯੫ ਸਾਲ ਹੋਏਗੀ ਤੇ ਸੰਤਾਂ ਦੀ ਆਯੂ ਕੋਈ ੩੦-੩੫ ਸਾਲ ਸੀ। ਬਾਬਾ ਜੀ ਨੇ ਸੰਤਾਂ ਪ੍ਰਤੀ ਬਚਨ ਕੀਤਾ ਕਿ ਆਪ ਜੀ ਅਗੇ ਤੋਂ ਸਮਾਧੀ ਵਿਚ ਲੀਨ ਰਹਿ ਕੇ ਗੁਪਤ ਨਾ ਰਹੋ ਸਗੋਂ ਥਾਓਂ ਥਾਈਂ ਵਿਚਰ ਕੇ ਗੁਰੂ ਪੰਥ ਵਿਚ ਸ੍ਰੀ ਕਲਗੀਧਰ ਮਹਾਰਾਜ ਜੀ ਦੀ ਸਿਖੀ ਦਾ ਪਰਚਾਰ ਕਰਨ ਦੀ ਕਿਰਪਾਲਤਾ ਕਰੋ।†

ਬਾਬਾ ਜੀ ਨਾਲ ਇਸ ਮਿਲਣੀ ਸੰਬਧੀ ਸੰਤ ਜੀ ਨੇ ਆਪ ਇਕ ਖਾਸ ਰੰਗ ਵਿਚ ਆਪਣੇ ਅਨਿਨ ਸੇਵਕ ਸੰਤ ਤੇਜਾ ਸਿੰਘ ਜੀ ਨੂੰ ਦਸਿਆ ਸੀ ਕਿ :

ਬਾਬਾ ਜੀ ਹਰੀਮੰਦਰ ਦੇ ਗੁਪਤ ਗ੍ਰੰਥੀ ਸਨ। ਸਾਰੀ ਆਯੂ ਕੀਰਤਨ ਦੀ ਪਹਿਲੀ ਚੌਂਕੀ ਕਰਦੇ ਰਹੇ। ਇਸ ਗੁਪਤ ਕਲਾ ਦੁਆਰਾ ਸੰਤ ਜੀ ਨੂੰ ਗੁਰਸਿਖੀ ਦਾ ਪਰਚਾਰ ਕਰਨ ਵਾਸਤੇ ਮਹਾਂ ਪੁਰਖ ਅਸਥਾਪਨ ਕੀਤਾ ਅਤੇ ਦੁਨੀਆ ਨੂੰ ਪਰਗਟ ਕੀਤਾ ਕਿ ਗੁਰਮੁਖਾਂ ਦੀ ਸੰਗਤ ਵਿਚ ਨਾਮ ਸਿਮਰਨ ਦੀ ਕਮਾਈ ਕਰਨੀ ਅਤਿ ਜ਼ਰੂਰੀ ਹੈ।

ਇਸ ਤੋਂ ਬਾਅਦ ਸੰਤ ਜੀ ਨੇ ਪੰਥ ਵਿਚ ਜੋ ਲਗਾਤਾਰ ਧਰਮ-ਪਰਚਾਰ ਤੇ ਅੰਮ੍ਰਿਤ ਵਰਖਾ ਕੀਤੀ ਉਸ ਦਾ ਜ਼ਿਕਰ ਸੰਖੇਪ ਵਿਚ ਕਰਨਾ ਕਠਿਨ ਕੰਮ ਹੈ।

"ਕਹਿਬੇ ਕਉ ਸੋਭਾ ਨਹੀ, ਦੇਖਾ ਹੀ ਪਰਵਾਨ" ਦੇ ਮਹਾਂਵਾਕ ਅਨੁਸਾਰ ਸੰਤ ਜੀ ਦੇ ਥਾਓਂ ਥਾਈਂ ਪਹੁੰਚ ਕੇ ਨਾਮ ਬਾਣੀ ਦਾ ਸਿਮਰਨ ਕਰਾਉਣ ਤੇ ਅੰਮ੍ਰਿਤ ਸੰਚਾਰ ਕਰਨ ਦੇ ਨਜ਼ਾਰੇ ਜਿਨ੍ਹਾਂ ਡਿਠੇ ਉਹੀ ਬਿਆਨ ਕਰ ਸਕਦੇ ਹਨ। ਸੰਤ ਜੀ ਦਾ ਪਰਭਾਵ ਪੂਰੇ ਤੌਰ ਤੇ ਕੇਵਲ ਲਿਖਤਾਂ ਤੋਂ ਅਨੁਭਵ ਕਰਨਾ ਔਖਾ ਹੈ। ਪਰ ਫਿਰ ਵੀ ਜਿਸ ਜਿਸ ਨੇ ਜੋ ਜੋ ਭੀ ਲਿਖਿਆ ਹੈ ਉਸ ਤੋਂ ਉਨ੍ਹਾਂ ਦੀ ਵਡਿਆਈ,

---

†ਇਨ੍ਹਾਂ ਦੋਹਾਂ ਮਹਾਂਪੁਰਸ਼ਾਂ ਦੀ ਪਰਸਪਰ ਮਿਲਣੀ ਤੇ ਗਲਬਾਤ ਦੇ ਵਿਸਥਾਰ ਲਈ ਦੇਖੋ : ਸੰਤ ਤੇਜਾ ਸਿੰਘ ਜੀ ਲਿਖਤ ਜੀਵਨ ਕਥਾ ਸੰਤ ਅਤਰ ਸਿੰਘ ਜੀ ਮਹਾਰਾਜ ਪੰਨੇ ੧੨੨ ਤੋਂ ੧੨੪ ਤਕ ਅਤੇ ਮੇਜਰ ਪ੍ਰੇਮ ਸਿੰਘ ਲਿਖਤ ਜੀਵਨ ਸੰਤ ਬਾਬਾ ਸ਼ਾਮ ਸਿੰਘ ਜੀ, ਪੰਨੇ ੧੦੦ ਤੋਂ ੧੦੨ ਤਕ।



www.AKJ.Org

ਪੰਥ ਵਿਚ ਸਤਿਕਾਰ ਤੇ ਪ੍ਰੇਮ ਦੀਆਂ ਕੁਝ ਕੁ ਝਲਕੀਆਂ ਮਿਲਦੀਆਂ ਹਨ। ਪਰ ਸੰਤ ਜੀ ਬਾਰੇ ਸਭ ਤੋਂ ਪੁਰਾਣੀ ਲਿਖਤ, ਸਭ ਤੋਂ ਬਿਰਧ ਤੇ ਆਪਣੇ ਸਮੇਂ ਤੇ ਸਰਬ ਸਰੇਸ਼ਟ ਧਾਰਮਕ ਤੇ ਪੂਜਯ ਵਿਅਕਤੀ ਸੰਤ ਬਾਬਾ ਸ਼ਾਮ ਸਿੰਘ ਜੀ ਦੀ ਹੈ—ਜਿਸ ਦਾ ਹਵਾਲਾ ਉਪਰ ਦਿਤਾ ਗਿਆ ਹੈ। ਸੰਤ ਅਤਰ ਸਿੰਘ ਜੀ ਜਦ ਮਸਤੂਆਣੇ ਚਲੇ ਗਏ ਸਨ ਤਾਂ ਆਪ ਦੀ ਆਯੂ ਲਗ ਪਗ ੩੫ ਸਾਲ ਸੀ। ਆਪ ਦੀ ਇਸ ਅਵਸਥਾ ਤੋਂ ਮਗਰੋਂ ਹੀ ਬਾਬਾ ਜੀ ਨੇ ਉਨ੍ਹਾਂ ਬਾਰੇ ਲਿਖਿਆ, ਓਦੋਂ ਬਾਬਾ ਜੀ ਦੀ ਆਯੂ ਸੌ ਦੇ ਲਗ ਪਗ ਹੋਏਗੀ। ਇਹ ਇਕ ਬਿਰਧ ਬਾਬਾ ਜੀ ਦਾ, ਕਮਾਈ ਵਾਲੇ ਮਹਾਂ ਪੁਰਸ਼ ਦਾ, ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਦਾ, ਦਖਬਾਰ ਸਾਹਿਬ ਦੇ ਗੁਪਤ ਗ੍ਰੰਥੀ ਦੀ ਨੌਜੁਆਨ ਸੰਤ ਅਤਰ ਸਿੰਘ ਜੀ ਲਈ ਇਕ ਸਨਦ ਹੈ ਜੋ ਕਿ ਉਨ੍ਹਾਂ ਦੇ ਗ੍ਰੰਥ ਵਿਚ ਸੁਰਖਿਅਤ ਹੈ।

————

## ਆਗਰੇ ਵਿਖੇ ਸਾਲਾਨਾ ਅਖੰਡ ਕੀਰਤਨ-ਸਮਾਗਮ

ਆਗਰੇ ਵਿਖੇ ਸ਼ਾਲਾਨਾ ਕੀਰਤਨ ਪ੍ਰੋਗਰਾਮ ੧ ਤੋਂ ੩ ਨਵੰਬਰ ਨੂੰ ਹੋ ਰਹੇ ਹਨ, ਜਿਸ ਵਿਚ ਦਿੱਲੀ, ਬਰੇਲੀ, ਕਾਨ੍ਹਪੁਰ, ਜੈਪੁਰ, ਲਖਨਊ, ਕੋਟਾ ਆਦਿ ਤੋਂ ਕੀਰਤਨੀ ਜਥੇ ਸ਼ਾਮਲ ਹੋ ਰਹੇ ਹਨ। ਸਰਬੱਤ ਮਾਈ ਭਾਈ ਹਾਜ਼ਰੀਆਂ ਭਰ ਕੇ ਆਨੰਦ ਮਾਣੋ ਜੀ।

ਪ੍ਰੋਗਰਾਮ :—

੧ ਨਵੰਬਰ ਸ਼ਨੀਵਾਰ ਸਵੇਰੇ ੫-੩੦ ਤੋਂ ੧੧-੩੦ ਆਸਾ ਦੀ ਵਾਰ ਤੇ ਕੀਰਤਨ ਗੁਰਦਵਾਰਾ ਬਾਲੂ ਗੰਜ
ਸ਼ਾਮ ੬-੦੦ ਤੋਂ ੯-੦੦ ਸੋਦਰ ਦੇ ਦੀਵਾਨ, ਗੁਰਦਵਾਰਾ ਮਾਈ ਥਾਨ।

੨ ਨਵੰਬਰ ਐਤਵਾਰ ਸਵੇਰੇ ੫-੩੦ ਤੋਂ ੧੨-੩੦ ਆਸਾ ਦੀ ਵਾਰ ਤੇ ਕੀਰਤਨ ਗੁਰਦਵਾਰਾ ਗੁਰੂ ਕਾ ਤਾਲ।
ਸ਼ਾਮ ੭-੩੦ ਰੈਣ ਸਬਾਈ ਕੀਰਤਨ ਅਰੰਭ ਗੁਰਦਵਾਰਾ ਕਾਛੀਪੁਰਾ ਵਿਖੇ।

**ਅੰਮ੍ਰਿਤ-ਸਿੰਚਾਰ:—** ੨ ਨਵੰਬਰ ਦੁਪਹਿਰ ਪਿਛੋਂ ਗੁਰਦਵਾਰਾ ਕਾਛੀ ਪੁਰਾ ਵਿਖੇ ਹੋਵੇਗਾ।

ਨੋਟ:—੧. ਰਿਹਾਇਸ਼ ਗੁਰਦਵਾਰਾ ਕਾਛੀਪੁਰਾ (ਰੇਲਵੇ ਇਨਸਟੀਚਿਊਟ) ਆਗਰਾ ਛਾਉਣੀ ਵਿਖੇ ਹੋਵੇਗੀ।
੨. ਸੰਗਤਾਂ ਲੋੜ ਅਨੁਸਾਰ ਬਿਸਤਰੇ ਲਈ ਆਉਣ।

ਪੁੱਛ ਗਿੱਛ:—
੪/੪੫੩, ਬਾਲੂ ਗੰਜ, ਆਗਰਾ ਕੈਂਟ

ਦਰਸ਼ਨ ਅਭਿਲਾਖੀ:—
ਅਖੰਡ ਕੀਰਤਨੀ ਜੱਥਾ, ਆਗਰਾ

## ਅੰਮ੍ਰਿਤਧਾਰੀ ਰਹਿਤਵਾਨ ਗੁਰਸਿੱਖ ਹੈਡਮਾਸਟਰ ਦੀ ਲੋੜ

ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਸਿਤਾਰ ਗੰਜ ਦੀ ਸਹਾਇਤਾ ਨਾਲ ਗੁਰੂ ਨਾਨਕ ਕੌਨਵੈਂਟ ਸਕੂਲ ਖੋਲ੍ਹਿਆ ਗਿਆ ਹੈ, ਜਿਸ ਵਿਚ ਗੁਰਮਤਿ ਪਰਚਾਰ ਨੂੰ ਮੁਖ ਰਖਦਿਆਂ ਹੋਇਆਂ ਪਹਿਲੀ ਜਮਾਤ ਤੋਂ ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਦੀ ਪੜ੍ਹਾਈ ਦਾ ਪਰਬੰਧ ਕੀਤਾ ਗਿਆ ਹੈ। ਅੰਮ੍ਰਿਤਧਾਰੀ ਰਹਿਤਵਾਨ ਗੁਰਸਿਖ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰਨ। ਇਥੋਂ ਗੁਰਦਵਾਰਾ ਨਾਨਕ ਮੱਤਾ ਕੇਵਲ ਤਿੰਨ ਮੀਲ ਹੈ।

ਭਾਈ ਗੁਰਦਿਆਲ ਸਿੰਘ ਲੱਲੀ, ਮਾਰਫ਼ਤ ਡਾ: ਹਰਨੇਕ ਸਿੰਘ, ਸਿਤਾਰ ਗੰਜ ਜ਼ਿ: ਨੈਨੀਤਾਲ (ਯੂ.ਪੀ.)



www.AKJ.Org

# ਰਾਣੀ ਚੰਦਰਕਲਾ ਜੀ

[ਵਲੋਂ:—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿੱਲੀ]

ਸਿੰਘਲਾਦੀਪ, ਜਿਸ ਨੂੰ ਲੰਕਾ ਵੀ ਕਹਿੰਦੇ ਹਨ, ਦਾ ਰਾਜਾ ਸ਼ਿਵਨਾਭ ਹੋਇਆ ਹੈ। ਇਹ ਹਿੰਦੂ ਸੰਸਕ੍ਰਿਤੀ ਵਿਚ ਪਲਿਆ ਤੇ ਵੱਡਾ ਹੋਇਆ ਸੀ, ਇਸ ਲਈ ਹਿੰਦੂ ਸੰਸਕ੍ਰਿਤੀ ਦਾ ਇਸ ਉਤੇ ਬਹੁਤ ਅਸਰ ਰਿਹਾ। ਇਕਾਦਸ਼ੀ-ਵਰਤ ਰਖਦਾ ਸੀ ਅਤੇ ਬੁੱਤਾਂ ਨੂੰ ਪੂਜਦਾ ਸੀ। ਇਸ ਦੀ ਰਾਣੀ ਦਾ ਨਾਂ ਸੀ ਚੰਦਰਕਲਾ। ਉਹ ਰਾਜ ਦੇ ਕੰਮ-ਕਾਰ ਅਤੇ ਧਾਰਮਿਕ ਰਸਮਾਂ ਵਿਚ ਪਤੀ ਦਾ ਸਾਥ ਦਿੰਦੀ ਸੀ। ਪਤੀ ਨੇ ਜੋ ਕਹਿਣਾ, ਅੱਖਾਂ ਮੀਟੀ ਉਸ ਉਤੇ ਅਮਲ ਕਰਨਾ, ਇਹੋ ਉਹ ਆਪਣਾ ਧਰਮ ਸਮਝਦੀ ਸੀ। ਉਹ ਸਹੀ ਅਰਥਾਂ ਵਿਚ ਪਤੀਬ੍ਰਤਾ ਇਸਤ੍ਰੀ ਸੀ। ਪਤੀ ਦੀ ਖ਼ੁਸ਼ੀ ਵਿਚ ਉਹ ਆਪਣੀ ਖ਼ੁਸ਼ੀ ਸਮਝਦੀ ਸੀ। ਕਈ ਪੁਰਾਤਨ ਗ੍ਰੰਥਾਕਾਰ ਅਤੇ ਭਾਈ ਵੀਰ ਸਿੰਘ ਜੀ ਆਪਣੀ ਰਚਿਤ ਪੁਸਤਕਾਂ ਵਿਚ ਇਸ ਬੀਬੀ ਦੇ ਸ਼ੁਭ ਗੁਣਾਂ ਦਾ ਜ਼ਿਕਰ ਕਰਦੇ ਹਨ।

ਜਦੋਂ ਕਿਸੇ ਦੇ ਭਾਗ ਜਾਗਣੇ ਹੁੰਦੇ ਹਨ ਤਾਂ ਕੋਈ ਨਾ ਕੋਈ ਢੋਅ ਬਣ ਜਾਂਦਾ ਹੈ। ਇਹੋ ਗੱਲ ਰਾਜਾ ਸ਼ਿਵਨਾਭ ਅਤੇ ਰਾਣੀ ਚੰਦਰਕਲਾ ਨਾਲ ਹੋਈ, ਕਿਉਂਕਿ ਉਨ੍ਹਾਂ ਨੇ ਗੁਰਮਤਿ ਦੇ ਰਸਤੇ ਤੇ ਆਉਣਾ ਸੀ, ਜਿਸ ਨਾਲ ਸਿੰਘਲਾਦੀਪ ਵਿਚ ਸਿੱਖੀ ਦੇ ਸਤਿ-ਮਾਰਗ ਦਾ ਪਰਚਾਰ ਹੋਣਾ ਸੀ।

ਹੋਇਆ ਇੰਜ ਕਿ ਗੁਰੂ ਨਾਨਕ ਸਾਹਿਬ ਜੀ ਦਾ ਇਕ ਸਿੱਖ, ਮਨਸੁਖ ਬਿਉਪਾਰ ਦੀ ਖ਼ਾਤਰ ਲਾਹੌਰੋਂ ਸਿੰਘਲਾਦੀਪ ਆਇਆ। ਜਦੋਂ ਆਪ ਦਾ ਮੇਲ, ਰਾਜਾ ਸ਼ਿਵਜਾਭ ਨਾਲ ਹੋਇਆ ਤਾਂ ਰਾਜਾ ਸ਼ਿਵਨਾਭ ਉਤੇ ਆਪ ਦਾ ਐਸਾ ਪ੍ਰਭਾਵ ਪਿਆ ਕਿ ਇਸ ਦੇ ਹਿਰਦੇ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨਾਂ ਦੀ ਤੜਪ ਪੈਦਾ ਹੋ ਗਈ। ਇਸ ਨੇ ਏਕਾਦਸ਼ੀ ਦੇ ਵਰਤ ਆਦਿ ਤਿਆਗ ਦਿੱਤੇ। ਭਾਈ ਮਨਸੁਖ ਦੇ ਚਲੇ ਜਾਣ ਤੋਂ ਬਾਅਦ ਖਿਚ ਇਤਨੀ ਵਧ ਗਈ ਕਿ ਰਾਤ ਦਿਨੇ ਗੁਰੂ ਨਾਨਕ ਸਾਹਿਬ ਜੀ ਨੂੰ ਯਾਦ ਕਰ ਕੇ ਕੂਕਣ ਲੱਗਾ। ਪਤੀ ਦੀ ਅਜਿਹੀ ਹਾਲਤ ਦੇਖ ਕੇ ਰਾਣੀ ਚੰਦਰਕਲਾ ਨੇ ਵੀ ਸਭ ਰੀਤਾਂ ਰਸਮਾਂ ਅਤੇ ਹਰ ਤਰ੍ਹਾਂ ਦੇ ਵਰਤ ਰਖਣ ਵਲੋਂ ਮੂੰਹ ਮੋੜ ਲਿਆ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨਾਂ ਨੂੰ ਉਡੀਕਣ ਲਗੀ। ਉਸਦੇ ਹਿਰਦੇ ਵਿਚ ਵੀ ਇਹ ਗੰਢ ਬਝ ਗਈ ਕਿਗੁਰੂ ਨਾਨਕ ਸਾਹਿਬ ਜੀ ਇਸ ਧਰਤੀ ਤੇ ਬਹੁਤ ਵੱਡੇ ਅਵਤਾਰ ਹੋ ਕੇ ਪ੍ਰਗਟੇ ਹਨ, ਜੋ ਲੋਕਾਂ ਨੂੰ ਵਹਿਮਾਂ-ਭਰਮਾਂ ਵਲੋਂ ਹਟਾ ਕੇ ਇਕ ਅਕਾਲ ਪੁਰਖ ਨਾਲ ਜੋੜਦੇ ਹਨ। ਜੇ ਸਾਡੀ ਲਗਨ ਸਚੀ ਹੋਵੇਗੀ ਤਾਂ ਗੁਰੂ ਇਕ ਦਿਨ ਸਾਨੂੰ ਜ਼ਰੂਰ ਦਰਸ਼ਨ ਦੇਣਗੇ।

ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕ 'ਜੋਤਿ ਵਿਗਾਸ' ਵਿਚਲੀਆਂ ਹੇਠ ਲਿਖੀਆਂ ਸਤਰਾਂ ਵਿਚ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਜੋ ਸਿਕ ਤੇ ਤੜਫ ਭਰੀਆਂ ਹੂਕਾਂ ਹਨ, ਓਹੀ ਦਸ਼ਾ ਰਾਜਾ ਸ਼ਿਵਨਾਭ ਅਤੇ ਰਾਣੀ ਚੰਦਰ ਕਲਾ ਦੀ ਵਾਪਰ ਰਹੀ ਸੀ :--

ਆਵੀਂ ਢੋਲਾ ਦਰਮ ਦਿਖਾਵੀਂ,
ਪਾਵੀਂ ਠੰਡ ਕਲੇਜੇ ਨੂੰ ।੧।
ਆਵੀਂ ਸਜਣਾ, ਡੇਰ ਨਾ ਲਾਵੀਂ,
ਹੇਰ, ਮੇਰੇ ਤਰਸੇਜੇ ਨੂੰ ।੨।
ਆਵੀਂ, ਹੋਰ ਨ ਹੁਣ ਤਰਸਾਵੀਂ,
ਚਿਰ ਹੋਇਆ ਦਰਸੇਜੇ ਨੂੰ ।੩।
ਆਵੀਂ, ਆ ਕੇ ਫੇਰ ਨ ਜਾਵੀਂ,
ਰੋਸ਼ਨ ਕਰਿ, ਅੰਙਨੇਜੇ ਨੂੰ ।੪।
ਆਵੀਂ, ਮੁੜਿ ਮੁੜਿ ਫੇਰਾ ਪਾਵੀਂ,
ਰਾਵੀਂ, ਰਾਵਲ ਸੇਜੇ ਨੂੰ ।੫।
ਆਵੀਂ, ਸੇਜੇ ਚਰਨ ਟਿਕਾਵੀਂ,
ਬਿਗਸਾਵੀਂ ਕਮਲੇਜੇ ਨੂੰ ।੬।
ਨਾਭ ਕਮਲਿ ਰਸ ਅਮੀਂ ਚੁਆਵੀਂ,
ਸੁਭਰ ਭਰਾਵੀਂ, ਸੇਜੇ ਨੂੰ ।੭।
ਆਵੀਂ, ਨਭਿਸਰੁ ਪੂਰ ਕਰਾਵੀਂ,
ਸਰਸਾਵੀਂ ਚਮਨੇਜੇ ਨੂੰ ।੮।



www.AKJ.Org

ਆਵੀਂ, ਸਾਰਾ ਚਮਨ ਖਿੜਾਵੀਂ,
ਟਹਿਕਾਵੀਂ, ਗ਼ੁੰਚੇਜੇ ਨੂੰ ।੯।
ਆਵੀਂ, ਗ਼ੁੰਚੇ ਬਿਸ਼ਿਗੁਫ਼ਤਾਵੀਂ,
ਸਬਜ਼ਾਵੀਂ ਪਿਹਨੇਜੇ ਨੂੰ ।੧੦।
ਪਿਹਨ ਸਿਹਨ ਸਭ ਹਰੇ ਕਰਾਵੀਂ,
ਦਿਖਲਾਵੀਂ, ਚਰਨੇਜੇ ਨੂੰ ।੧੧।
ਆਵੀਂ, ਅਬਰ ਮਿਹਰ ਬਰਸਾਵੀਂ,
ਦਰਸਾਵੀਂ ਮੁਖੜੇਜੇ ਨੂੰ ।੧੨।
ਆਵੀਂ, ਚਾਤ੍ਰਿਕ ਮੁਖ ਤ੍ਰਿਪਤਾਵੀਂ,
ਚੁਆਵੀਂ ਸ੍ਵਾਂਤ ਬੂੰਦੇਜੇ ਨੂੰ ।੧੩।-ੳ
ਆਵੀਂ, ਚਾਤ੍ਰਿਕ ਮੁਖਿ ਚੁਆਵੀਂ,
ਦਰਸ ਸ੍ਵਾਂਤ ਬੂੰਦੇਜੇ ਨੂੰ ।੧੩।-ਅ
ਆਵੀਂ, ਅਗਮ ਸੋਇ ਸੁਣਾਵੀਂ,
ਵਾਵੀਂ ਮਧੁਰ ਧੁਨੇਜੇ ਨੂੰ ।੧੪।

ਇਹ ਕਿਵੇਂ ਹੋ ਸਕਦਾ ਸੀ ਕਿ ਗੁਰੂ ਨਾਨਕ ਸਾਹਿਬ ਜੀ ਅਜਿਹੀਆਂ ਸ਼ੁਧ ਆਤਮਾਵਾਂ, ਅਜਿਹੀਆਂ ਗੁਰਮੁਖ ਰੂਹਾਂ ਦੀ ਪੁਕਾਰ ਸੁਣ ਕੇ ਨ ਬਹੁੜਦੇ। ਮਾਰਚ ਸੰਨ ੧੫੧੧ ਈਸਵੀ ਸੀ, ਜਦੋਂ ਗੁਰੂ ਨਾਨਕ ਸਾਹਿਬ ਜੀ, ਭਾਈ ਮਰਦਾਨੇ ਨੂੰ ਨਾਲ ਲੈ ਕੇ ਸਿੰਘਲਾਦੀਪ ਆਏ ਅਤੇ ਰਾਜਾ ਸ਼ਿਵਨਾਭ ਦੇ ਇਕ ਸੁੱਕੇ ਹੋਏ ਬਾਗ ਵਿਚ ਡੇਰਾ ਆਣ ਕੀਤਾ। ਫਿਰ ਦੇਖੋ, ਗੁਰੂ ਦਾ ਮਹਾਨ ਕ੍ਰਿਸ਼ਮਾ, ਉਨ੍ਹਾਂ ਦੇ ਚਰਨ ਪਾਉਣ ਦੀ ਦੇਰ ਸੀ ਕਿ ਬਾਗ ਹਰਿਆ ਭਰਿਆ ਹੋ ਗਿਆ। ਜਦੋਂ ਇਹ ਖ਼ਬਰ ਰਾਜੇ ਨੂੰ ਹੋਈ ਤਾਂ ਬੜਾ ਹੈਰਾਨ ਹੋਇਆ। ਫਿਰ ਵੀ ਇਸ ਨੇ ਕੁਝ ਸੁੰਦਰ ਯੁਵਤੀਆਂ ਗੁਰੂ ਸਾਹਿਬ ਦੀ ਪ੍ਰੀਖਿਆ ਲਈ ਭੇਜ ਦਿਤੀਆਂ। ਇਸ ਦਾ ਕਾਰਨ ਇਹ ਸੀ ਕਿ ਕਈ ਸਾਧੂ ਆਪਣੇ ਆਪ ਨੂੰ 'ਗੁਰੂ ਨਾਨਕ' ਜ਼ਾਹਰ ਕਰ ਚੁਕੇ ਸਨ ਤਾਕਿ ਰਾਜਾ ਸ਼ਿਵਨਾਭ ਅਤੇ ਰਾਣੀ ਚੰਦਰ ਕਲਾ ਦੇ 'ਗੁਰੂ ਨਾਨਕ ਪ੍ਰੇਮ' ਦਾ ਨਾਜਾਇਜ਼ ਫ਼ਾਇਦਾ ਉਠਾਇਆ ਜਾਏ। ਪਰ ਅਜਿਹੇ ਸਾਧੂਆਂ ਦਾ ਪਾਜ ਜਲਦੀ ਉਘੜ ਆਉਂਦਾ ਸੀ ਅਤੇ ਪਾਖੰਡ ਸਾਬਤ ਹੋ ਜਾਂਦਾ ਸੀ। ਇਸੇ ਗੱਲੋਂ ਰਾਜਾ ਤੇ ਰਾਣੀ ਚੰਦਰ-ਕਲਾ ਕੁਝ ਡਰੇ ਹੋਏ ਸਨ।

ਸੁੰਦਰ ਯੁਵਤੀਆਂ ਨੂੰ ਭੇਜ ਕੇ ਰਾਜਾ ਆਪਣੇ ਮਹਿਲਾਂ ਦੇ ਉਸ ਕਮਰੇ ਵਲ ਗਿਆ, ਜਿਥੇ ਰਾਣੀ ਚੰਦਰਗਲਾ ਮਿਠੀ ਨੀਂਦੇ ਸੁਤੀ ਹੋਈ ਸੀ। ਨਹੀਂ! ਨਹੀਂ!! ਉਹ ਸੁਤੀ ਨਹੀਂ ਸੀ, ਉਸ ਦੇ ਮੂੰਹੋਂ ਇਹ ਨਿਕਲ ਰਿਹਾ ਸੀ--'ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ'। ਇਸ ਪ੍ਰੇਮ-ਰਸ ਵਿਚ ਉਹ ਇਤਨੀ ਲਿਵਲੀਨ ਸੀ ਕਿ ਉਸਨੂੰ ਪਤਾ ਵੀ ਨ ਲਗਾ ਕਿ ਉਸ ਦਾ ਪਿਆਰਾ ਪਤੀ ਕਦੋਂ ਦਾ ਉਸ ਕੋਲ ਆ ਗਿਆ ਹੈ। ਉਸ ਨੂੰ ਪਤਾ ਉਦੋਂ ਹੀ ਲਗਾ, ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਖੁਦ ਉਸ ਦੇ ਦਿਲ ਦੀ ਤਾਰ ਹਿਲਾਈ ਅਤੇ ਉਸ ਨੇ ਅੱਖਾਂ ਖੋਲ੍ਹੀਆਂ। ਸਾਹਮਣੇ ਪਤੀ ਨੂੰ ਦੇਖ ਕੇ ਚਰਨਾਂ ਤੇ ਸਿਰ ਰੱਖ ਦਿਤ--"ਸਵਾਮੀ ਜੀਉ, ਗੁਰੂ ਨਾਨਕ ਸਾਹਿਬ ਜੀ ਕਦੋਂ ਆਉਣਗੇ? ਉਨ੍ਹਾਂ ਦੇ ਵਿਛੋੜੇ ਵਿਚ 'ਦੇਖੋ ਰੋ ਰੋ ਕੀ ਹਾਲ ਹੋ ਗਿਆ ਏ?' ਇਹ ਸੁਣ ਕੇ ਰਾਜੇ ਦਾ ਦਿਲ ਵੀ ਪਾਟ ਗਿਆ। ਗੁਰੂ ਨਾਨਕ ਵਿਛੋੜੇ ਦਾ ਅਜਿਹਾ ਹੜ੍ਹ ਆਇਆ ਕਿ ਛਮਾ ਛਮ ਅੱਖਾਂ ਵਹਿ ਤੁਰੀਆਂ ਅਤੇ ਰੋਂਦੇ ਹੋਏ ਨੇ ਕਿਹਾ, "ਰਾਣੀ, ਗੁਰੂ ਨਾਨਕ ਸਾਹਿਬ ਜੀ ਜ਼ਰੂਰ ਆਉਣਗੇ ਅਤੇ ਅਸੀਂ ਰੱਜ ਰੱਜ ਉਨ੍ਹਾਂ ਦੇ ਚਰਨ ਪਰਸਾਂਗੇ। ਪ੍ਰਿਯ ਇਕ ਗੱਲ ਦਸਾਂ, ਕੁਝ ਸ਼ਕ ਪੈਂਦਾ ਹੈ ਕਿ ਸ਼ਾਇਦ ਗੁਰੂ ਨਾਨਕ ਸਾਹਿਬ ਜੀ ਆ ਗਏ ਹਨ। ਉਹ ਇਵ ਤਰ੍ਹਾਂ ਕਿ ਥੋੜੀ ਦੇਰ ਪਹਿਲਾਂ ਦੋ ਮਨੁੱਖ ਸਾਡੇ ਸੁੱਕੇ ਹੋਏ ਬਾਗ ਵਿੱਚ ਆਣ ਉਤਰੇ ਹਨ ਅਤੇ ਬਾਗ ਹਰਿਆ ਭਰਿਆ ਹੋ ਗਿਆ ਹੈ। ਕੀ ਪਤਾ ਉਨ੍ਹਾਂ ਵਿਚੋਂ ਇਕ ਗੁਰੂ ਨਾਨਕ ਸਾਹਿਬ ਜੀ ਆਪ ਹੋਣ! ਕਿਉਂਕਿ ਅਸੀਂ ਪਾਖੰਡੀ ਸਾਧੂਆਂ ਕੋਲੋਂ ਡਰੇ ਹੋਏ ਹਾਂ, ਇਸ ਲਈ ਮੈਂ ਕੁਝ ਲੜਕੀਆਂ ਉਨ੍ਹਾਂ ਵਲ ਭੇਜ ਦਿੱਤੀਆਂ ਹਨ। ਦੇਖੀਏ, ਕਾਮ ਨੂੰ ਉਨ੍ਹਾਂ ਨੇ ਕਿਤਨਾ ਕੁ ਜਿਤਿਆ ਹੋਇਆ ਹੈ? ਤੁਹਾਨੂੰ ਇਸ ਲਈ ਨਹੀਂ ਦਸਿਆ ਗਿਆ ਕਿ ਤੁਸੀਂ 'ਗੁਰੂ ਨਾਨਕ ਪ੍ਰੇਮ' ਵਿਚ ਇਤਨੇ ਮਸਤ ਸਉ ਕਿ ਇਸ ਹਾਲਤ ਵਿਚੋਂ ਤੁਹਾਨੂੰ ਉਠਾਉਣ ਨੂੰ ਹੀਆ ਨਾ ਪਿਆ; ਮਤਾਂ ਤੁਹਾਡੀ ਲਿਵ ਆਪਣੇ ਪਿਆਰੇ ਨਾਲੋਂ ਟੁਟ ਜਾਏ।"

ਰਾਣੀ ਚੰਦਰਕਲਾ—ਸਵਾਮੀ ਜੀਉ! ਰੱਬ



www.AKJ.Org

ਮਿਹਰ ਕਰੇ। ਉਹ ਗੁਰੂ ਨਾਨਕ ਸਾਹਿਬ ਜੀ ਆਪ ਹੋਣ ਤਾਂ ਕਿਤਨਾ ਚੰਗਾ ਹੋਵੇ ? ਫਿਰ ਅਸੀਂ ਵੀ ਭਾਗਾਂ ਵਾਲੇ ਬਣ ਜਾਵਾਂਗੇ।

ਰਾਜਾ ਸ਼ਿਵਨਾਭ—ਹੁਣ ਸਾਨੂੰ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਹਰ ਪਾਸਿਉਂ ਮਨ ਮੋੜ ਕੇ ਗੁਰੂ ਨਾਨਕ ਸਾਹਿਬ ਦੇ ਚਰਨਾਂ ਵਿਚ ਹੀ ਅਰਦਾਸ ਕਰੀਏ ਕਿ ਹੇ ਦਾਤਾ ! ਹੇ ਮਿਹਰਾਂ ਦੇ ਸੋਮੇ !! ਅਸੀਂ ਅਭਾਗੇ ਜੀਵ ਤੁਹਾਡੇ ਦਰਸ਼ਨਾਂ ਤੋਂ ਵਾਂਝੇ ਰਹਿ ਗਏ। ਜਿਵੇਂ ਵੀ ਹੋ ਸਕੇ ਇਸ ਪਰਤਾਵੇ ਵਿਚ ਪੂਰੇ ਉਤਰੋ ਅਤੇ ਦਰਸ਼ਨ ਦੇਣ ਦੀ ਕਿਰਪਾਲਤਾ ਕਰੋ। ਫਿਰ ਰੱਜ ਰੱਜ ਖੁਸ਼ੀਆਂ ਮਾਣੀਏ।

ਇਸ ਤਰ੍ਹਾਂ ਇਹ ਦੰਪਤੀ ਅਰਦਾਸ ਵਿਚ ਜੁੜ ਗਏ।

ਗੁਰੂ ਸਾਹਿਬ ਦੀ ਪ੍ਰੀਖਿਆ ਲਈ ਜੋ ਸੁੰਦਰ ਯੁਵਤੀਆਂ ਭੇਜੀਆਂ ਗਈਆਂ ਸਨ, ਉਨ੍ਹਾਂ ਨੂੰ ਵੇਖ ਕੇ ਗੁਰੂ ਸਾਹਿਬ ਨੇ ਇਹ ਸ਼ਬਦ ਉਚਾਰਨ ਕੀਤਾ :—

ਗਾਛਹੁ ਪੁਤ੍ਰੀ ਰਾਜ-ਕੁਆਰਿ ॥
ਨਾਮੁ ਭਣਹੁ ਸਚੁ ਦੋਤੁ ਸਵਾਰਿ ॥
ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥
ਗੁਰ ਸਬਦੀ ਬਿਖੁ ਤਿਆਸ ਨਿਵਾਰਿ ॥੭॥
ਮੋਹਨਿ ਮੋਹਿ ਲੀਆ ਮਨੁ ਮੋਹਿ ॥
ਗੁਰ ਕੈ ਸਬਦਿ ਪਛਾਨਾ ਤੋਹਿ ॥
ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥
ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥੮॥੧॥

[ਰਾਗ ਬਸੰਤ ਮ: ੧, ਪੰਨਾ ੧੧੮੭

ਇਹ ਇਲਾਹੀ ਬਾਣੀ ਇਕ ਅਨਿਆਲਾ ਤੀਰ ਸੀ, ਜਿਸ ਵਿਚ ਉਨ੍ਹਾਂ ਰਾਜ-ਕੁਮਾਰੀਆਂ ਨੂੰ ਪੁਤਰੀ ਕਹਿ ਕੇ ਸੰਬੋਧਨ ਕੀਤਾ ਗਿਆ ਸੀ। ਇਸ ਸ਼ਬਦ-ਬਾਣ ਨਾਲ ਉਹ ਭੈ-ਭੀਤ ਹੋ ਗਈਆਂ, ਉਨ੍ਹਾਂ ਦੇ ਪਾਪ ਕੰਬ ਉਠੇ। ਸਤਿਗੁਰਾਂ ਨੂੰ ਮੋਹਣ ਆਈਆਂ ਮੋਹਣੀਆਂ ਸ਼ਬਦ-ਸੂਤ ਦੀ ਨਾਦ-ਕਲਾ ਨਾਲ ਆਪ ਹੀ ਮੋਹੀਆਂ ਗਈਆਂ ਅਤੇ ਬਿਹਬਲ ਹੋ ਕੇ ਚਰਨੀਂ ਢਹਿ ਪਈਆਂ। ਆਪਣੀਆਂ ਭੁਲਾਂ ਬਖਸ਼ਾਉਣ ਲਗੀਆਂ। ਗੁਰੂ ਸਾਹਿਬ ਕਦੀ ਕਿਸੇ ਦੇ ਔਗਣ ਨਹੀਂ ਸਨ ਚਿਤਾਰਦੇ। ਉਹ ਮਿਹਰ ਵਿਚ ਆਏ ਅਤੇ ਸਭ ਨੂੰ ਨਾਮ ਜਪਣ ਦਾ ਉਪਦੇਸ਼ ਦਿੱਤਾ।

ਜਦੋਂ ਲੜਕੀਆਂ ਗੁਰੂ ਸਾਹਿਬ ਪਾਸੋਂ ਵਿਦਾ ਹੋ ਕੇ ਉਸ ਥਾਂ ਪੁਜੀਆਂ, ਜਿਥੇ ਰਾਜਾ ਅਤੇ ਰਾਣੀ ਅਰਦਾਸ ਵਿਚ ਜੁੜੇ ਹੋਏ ਸਨ ਤਾਂ ਉਨ੍ਹਾਂ ਨੇ ਸਾਰੀ ਖ਼ਬਰ ਦਿੱਤੀ। ਇਹ ਖ਼ਬਰ ਸੁਣ ਕੇ ਰਾਜੇ ਅਤੇ ਰਾਣੀ ਦੀ ਖੁਸ਼ੀ ਦਾ ਪਾਰਾਵਾਰ ਨਾ ਰਿਹਾ। ਉਨ੍ਹਾਂ ਦੀ ਚਿਰਾਂ ਦੀ ਮੁਰਾਦ ਪੂਰੀ ਹੋਈ। ਉਹ ਬਿਹਬਲ ਹੋ ਕੇ ਉਠ ਭਜੇ ਅਤੇ ਗੁਰੂ ਸਾਹਿਬ ਦੇ ਚਰਨਾਂ ਵਿਚ ਜਾ ਸਿਰ ਰਖਿਓ ਨੇ। ਸਤਿਗੁਰਾਂ ਕਿਹਾ—"ਉਠੋ ਪਿਆਰਿਓ, ਨਾਮ ਜਪੋ। ਨਾਮ ਜਪਣ ਵਿਚ ਹੀ ਅਕਾਲ ਪੁਰਖ ਦੀਆਂ ਖੁਸ਼ੀਆਂ ਹਨ।" ਇਨ੍ਹਾਂ ਚੁੰਬਕੀ ਬਚਨਾਂ ਨਾਲ ਰਾਜੇ ਰਾਣੀ ਦੇ ਤਨ ਮਨ ਖਿੜ ਗਏ ਅਤੇ ਲਗੇ ਗੁਰੂ ਗੁਰੂ ਜਪਣ। ਸਿਕਾਂ ਸਿਕਦਿਆਂ ਨੂੰ ਇਲਾਹੀ ਦਾਤ ਪ੍ਰਾਪਤ ਹੋਈ।

ਰਾਜੇ ਰਾਣੀ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ਜੀਉ ! ਮਹਿਲਾਂ ਵਿਚ ਚਲੋ ਅਤੇ ਸਾਨੂੰ ਸੇਵਾ ਦਾ ਅਉਸਰ ਬਖਸ਼ੋ। ਸਤਗੁਰਾਂ ਫੁਰਮਾਇਆ ਕਿ ਭਲਿਓ ਲੋਕੋ, ਇਕ ਧਰਮਸਾਲ ਬਣਾਓ, ਜਿਥੇ ਨਿਤ ਸੰਗਤ ਜੁੜਿਆ ਕਰੇ ਅਤੇ ਨਿਤ ਰੱਬੀ ਕੀਰਤਨ ਹੋਵੇ।

ਰਾਜਾ ਅਤੇ ਰਾਣੀ ਗੁਰੂ ਸਾਹਿਬ ਪਾਸੋਂ ਆਗਿਆ ਲੈ ਕੇ ਵਾਪਸ ਚਲੇ ਗਏ ਅਤੇ ਧਰਮਸਾਲਾ ਤਿਆਰ ਕਰਨ ਲਈ ਕਈ ਕਾਰੀਗਰਾਂ ਨੂੰ ਹੁਕਮ ਦੇ ਦਿੱਤਾ। ਜਦੋਂ ਧਰਮਸਾਲਾ ਤਿਆਰ ਹੋ ਗਈ ਤਾਂ ਗੁਰੂ ਸਾਹਿਬ, ਭਾਈ ਮਰਦਾਨੇ ਸਮੇਤ ਉਥੇ ਠਹਿਰੇ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਭਾਈ ਸੰਤੋਖ ਸਿੰਘ ਲਿਖਦੇ ਹਨ—

ਅਤਿ ਉਤਸ਼ਵ ਸੋਂ ਪੁਰਿ ਭਾ ਪੂਰਨ ॥
ਕੀਰਤਿ ਪਸਰੀ ਪਾਵਨ ਰੂਰਨ ॥
ਚੰਦਰਕਲਾ ਲੇ ਰਾਨੀ ਸੰਗਾ ॥
ਆਵਾ ਭੂਪਤਿ ਹਿਰਦੇ ਉਮੰਗਾ ॥੧੮॥

(ਪੂਰਬਾਰਧ ਅਧਿਆਇ ੪੮)

ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਲਿਖਿਆ ਹੈ ਕਿ ਤਬ ਉਹਾਂ ਬਾਬਾ ਜੀ ਬਹੁਤ ਦਿਨ ਰਿਹਾ। ਬਾਣੀ ਉਚਰੀ, ਬਹੁਤ ਸਿੱਖ ਕੀਏ।



www.AKJ.Org

ਜੈਸੀ ਧਰਤੀ ਸਮੁੰਦਰ ਦੇ ਉਰੇ ਹੈ ਤੈਸੀ ਧਰਤੀ ਪਰੇ ਹੈ। ਉਸ ਧਰਤੀ ਕਾ ਰਾਜਾ ਸਿਉਨਾਭੁ ਥਾ। ਉਹੁ ਮੁਲਖੁ ਸਭੁ ਵਾਹਿਗੁਰੂ ਵਾਹਿਗੁਰੂ ਕਰਿ ਉਠਿਆ। ਉਸੁ ਰਾਜੇ ਨੇ ਧਰਮੁਸਾਲਾ ਬਧੀ। ਐਸਾ ਸਬਦੁ ਦਿੜਿਆ। ਪੰਜ ਮਣਾ ਲੂਣ ਉਸੁ ਰਾਜੇ ਕੀ ਰਸੋਈ ਪੜਤਾ ਹੈ। ਉਸ ਧਰਤੀ ਕਉ ਨਿਸਤਾਰਿ ਕਰਿ ਬਾਣੀ ਪ੍ਰਗਟਾਈ। ਤਾਂ ਗੁਰੂ ਬਾਬਾ ਜੀ ਮਰਦਾਨੇ ਨੂੰ ਲੈ ਕਰਿ ਇਸ ਧਰਤੀ ਆਇਆ।

[ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਪੰ: ੧੬੨

ਇਹ ਹੈ ਰਾਜਾ ਸ਼ਿਵਨਾਭ ਅਤੇ ਰਾਣੀ ਚੰਦਰਕਲਾ ਦੀ ਬਿਰਹੋਂ-ਗਾਥਾ, ਜਿਨ੍ਹਾਂ ਨੇ ਆਪਣੇ ਸੱਚੇ ਤੇ ਸੁੱਚੇ ਪਿਆਰ ਨਾਲ ਗੁਰੂ ਨੂੰ ਰਿਝਾ ਲਿਆ ਅਤੇ ਵਾਹਿਗੁਰੂ ਦਾ ਨਾਮ ਜਪਦੇ ਹੋਏ ਉੱਚੀ ਪਦਵੀ ਨੂੰ ਪਰਾਪਤ ਹੋਏ।

ਨੋਟ:—ਗੁਰੂ ਸਾਹਿਬ ਦੇ ਹੁਕਮ ਮੂਜਬ ਜਿਥੇ ਧਰਮਸਾਲਾ ਕਾਇਮ ਹੋਈ ਸੀ, ਉਥੇ ਅਜੇ ਤਕ ਯਾਦਗਾਰ ਕਾਇਮ ਹੈ, ਜਿਸ ਨੂੰ 'ਗੁਰਦਵਾਰਾ ਸਾਹਿਬ ਦੀਬਰ' ਕਹਿੰਦੇ ਹਨ।

---

# ਦਿਆਲਪੁਰ ਵਿਖੇ ਅਖੰਡਪਾਠ, ਰੈਣ-ਸਬਾਈ ਕੀਰਤਨ ਤੇ ਅੰਮ੍ਰਿਤ-ਸੰਚਾਰ

ਅਖੰਡ ਕੀਰਤਨੀ ਜਥਾ ਦਿਆਲਪੁਰ ਤੇ ਕਰਤਾਰਪੁਰ ਇਤਲਾਹ ਦਿੰਦੇ ਹਨ ਕਿ ਦਿਆਲਪੁਰ ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋ ਰਹੇ ਹਨ:—

੩੦ ਅਕਤੂਬਰ ਅੰਮ੍ਰਿਤ ਵੇਲੇ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਆਰੰਭ ਗੁਰਦਵਾਰਾ ਨਿਸ਼ਾਨ ਸਾਹਿਬ।
ਸ਼ਾਮ ੭ ਤੋਂ ੧੦ ਕੀਰਤਨ ਗੁਰਦਵਾਰਾ ਪਡਿਆਂ ਵਾਲਾ।

੩੧ ਅਕਤੂਬਰ ਸ਼ਾਮ ੭ ਤੋਂ ੯ ਕੀਰਤਨ ਗੁਰਦਵਾਰਾ ਨਿਸ਼ਾਨ ਸਾਹਿਬ।

੧ ਨਵੰਬਰ ੫ ਵਜੇ ਸਵੇਰੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ੧ ਵਜੇ ਦੁਪਹਿਰ ਤਕ ਕੀਰਤਨ।

**ਅੰਮ੍ਰਿਤ-ਸੰਚਾਰ**—੬ ਵਜੇ ਸ਼ਾਮ ਗੁਰਦਵਾਰਾ ਨਿਸ਼ਾਨ ਸਾਹਿਬ ਵਿਖੇ।

**ਰੈਣ-ਸਬਾਈ ਕੀਰਤਨ**—ਸ਼ਾਮ ਨੂੰ ਅੱਠ ਵਜੇ ਆਰੰਭ ਹੋ ਕੇ ੨ ਨਵੰਬਰ ਸਵੇਰੇ ੭ ਵਜੇ ਭੋਗ।

ਨੋਟ:—ਲੋੜ ਅਨੁਸਾਰ ਬਿਸਤਰੇ ਲਿਆਓ। ਪਹਿਲੀ ਨਵੰਬਰ ਸ਼ਾਮ ਦੇ ੩ ਵਜੇ ਜਲੰਧਰ ਨਵੇਂ ਅੱਡੇ ਤੋਂ ਟਰੱਕ ਜਾਂ ਟਰਾਲੀ ਚਲੇਗੀ।

ਪ੍ਰਾਰਥਕ ਦਾਸ—ਮਾਸਟਰ ਗੁਰਬਚਨ ਸਿੰਘ, ਦਿਆਲਪੁਰ ਜ਼ਿਲਾ ਕਪੂਰਥਲਾ।

---

# ਗੁ: ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਕੀਰਤਨ ਤੇ ਅਖੰਡ ਪਾਠ

੨੭ ਨਵੰਬਰ ਤੋਂ ੩੦ ਨਵੰਬਰ ਸਵੇਰ ਤਕ, ਪ੍ਰੋਗਰਾਮ ਅਗਲੇ ਪਰਚੇ ਵਿੱਚ।

---

# ਇਕ ਰਾਗੀ ਤੇ ਜੋੜੀ ਵਜੰਤਰੀ ਦੀ ਲੋੜ

ਅੰਮ੍ਰਿਤਧਾਰੀ ਤੇ ਰਹਿਤਵਾਨ ਇਕ ਰਾਗੀ ਸਿੰਘ ਅਤੇ ਇਕ ਜੋੜੀ ਵਾਲੇ ਦੀ ਲੋੜ ਹੈ। ਲੋੜਵੰਦ ਸਜਣ ਹੇਠ ਲਿਖੇ ਪਤੇ ਤੇ ਪੁੱਛ ਗਿੱਛ ਕਰਨ:—

ਹੇਮਕੁੰਟ ਮਿਸ਼ਨ, 226, ਸੈਕਟਰ 21-A, ਚੰਡੀਗੜ੍ਹ



www.AKJ.Org

# "ਅਖੰਡਪਾਠ" ਸਬੰਧੀ ਭੁਲੇਖਿਆਂ ਦਾ ਸਪੱਸ਼ਟੀਕਰਨ

ਰਸਾਲਾ 'ਜੀਵਨ ਪ੍ਰੀਤੀ' ਸਤੰਬਰ ੧੯੭੫ ਦੇ ਸਪਲੀਮੇਂਟ ਵਿਚ ਸ: ਸੰਤੋਖ ਸਿੰਘ ਜੀ ਚੰਡੀਗੜ੍ਹ ਨੇ "ਅਖੰਡਪਾਠ" ਦੇ ਹੈਡਿੰਗ ਹੇਠ ਆਪਣੇ ਵੀਚਾਰ ਦਿਤੇ ਹਨ। ਇਸ ਪਰਚੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠਾਂ ਦੀ ਪਰਚਲਤ ਮਰਯਾਦਾ ਵਿਚ ਜੋ ਕੁਰੀਤੀਆਂ ਆ ਗਈਆਂ ਹਨ ਉਨ੍ਹਾਂ ਬਾਰੇ ਗੁਰਬਾਣੀ ਦੇ ਪਰਮਾਣਾਂ ਸਹਿਤ ਕਾਫ਼ੀ ਜਾਣਕਾਰੀ ਕਰਾਈ ਗਈ ਹੈ। ਅਸੀਂ ਇਸ ਉਦਮ ਲਈ ਤਾਂ ਲੇਖਕ ਜੀ ਦੇ ਧੰਨਵਾਦੀ ਹਾਂ ਕਿ ਉਨ੍ਹਾਂ ਕੌਮ ਨੂੰ ਹਲੂਣਾ ਦੇ ਕੇ ਦਸਿਆ ਹੈ ਕਿ ਦਿਖਲਾਵੇ ਦੀ ਖ਼ਾਤਰ ਪਾਠਾਂ ਦੀਆਂ ਲੜੀਆਂ ਚਲਾਉਣੀਆਂ, ਸੰਪਟ ਪਾਠ ਕਰਾਉਣੇ ਅਤੇ ਆਪਣੀਆਂ ਦੁਕਾਨਦਾਰੀਆਂ ਚਮਕਾਉਣ ਖ਼ਾਤਰ ਪਾਠਾਂ ਦੇ ਵਿਖਾਲੇ ਕਰਨੇ ਗੁਰਬਾਣੀ ਦੇ ਆਸ਼ੇ ਤੋਂ ਦੁਰਾਡੇ ਜਾਣਾ ਹੈ, ਪਰ ਨਾਲ ਹੀ ਇਸ ਲੇਖ ਤੋਂ ਪਾਠਕ ਇਹ ਪ੍ਰਭਾਵ ਲਏ ਬਿਨਾਂ ਰਹਿ ਨਹੀਂ ਸਕਦੇ ਕਿ ਅਖੰਡਪਾਠਾਂ ਸੰਬੰਧੀ ਲੇਖਕ ਦੇ ਵਿਚਾਰ ਉਲਾਰਵਾਂ ਰੂਪ ਧਾਰ ਗਏ ਹਨ ਅਤੇ ਹਰੇਕ ਮਰਯਾਦਾ ਨੂੰ, ਉਸ ਦੀ ਤਹਿ ਤਕ ਪਹੁੰਚਣ ਤੋਂ ਬਗ਼ੈਰ ਕਰਮ-ਕਾਂਡ ਤੇ ਮਨਮਤ ਦਾ ਫ਼ਤਵਾ ਦੇ ਕੇ ਨਿੰਦਿਆ ਗਿਆ ਹੈ। ਚੰਗਾ ਹੁੰਦਾ ਜੇ ਵਿਚਾਰਾਂ ਦਾ ਸਮਤੋਲ ਰਖਿਆ ਜਾਂਦਾ। ਉਸ ਹਾਲਤ ਵਿਚ ਇਸ ਲੇਖ ਤੋਂ ਵਧੇਰੇ ਲਾਭ ਦੀ ਆਸ ਹੋ ਸਕਦੀ ਸੀ। ਲੇਖ ਦੇ ਉਲਾਰਵੇਂ ਪੱਖ ਕਾਰਨ ਹੀ ਅਸੀਂ ਹੇਠ ਲਿਖੀਆਂ ਸਤਰਾਂ ਲਿਖਣੀਆਂ ਉਚਿਤ ਸਮਝੀਆਂ ਹਨ।

**ਪੈਰਾ** ਨੰਬਰ ੩ ਵਿਚ ਲਿਖਿਆ ਹੈ, "ਗੁਰਬਾਣੀ ਮੰਤ੍ਰ ਰਟਨ ਨਹੀਂ। ਡਾਕਟਰ ਦੇ ਨੁਸਖ਼ੇ ਨੂੰ ਰਟਿਆਂ ਰੋਗ ਦੂਰ ਨਹੀਂ ਹੋ ਸਕਦਾ ਅਤੇ ਨਾ ਹੀ ਰੇਲ ਦਾ ਟਾਈਮ-ਟੇਬਲ ਕੰਠ ਕਰ ਲੈਣ ਨਾਲ ਮੰਜ਼ਲ ਤੇ ਪਹੁੰਚ ਸਕੀਦਾ ਹੈ। ਗਰਾਮੋਫ਼ੋਨ ਉਤੇ ਸਾਲਾਂ ਬਧੀ ਸ਼ਬਦਾਂ ਦੇ ਰੀਕਾਰਡ ਵਜਾਣ ਨਾਲ ਉਹ ਵਾਜੇ ਦਾ ਵਾਜਾ ਰਹਿੰਦਾ ਹੈ, ਆਦਿ।"

ਉਤਰ ਵਿਚ ਬਿਨੈ ਹੈ ਕਿ ਜਿਥੇ ਗੁਰਬਾਣੀ ਉਪਦੇਸ਼ ਰੂਪ ਹੈ, ਉਥੇ ਮੰਤ੍ਰ ਰੂਪ ਭੀ ਹੈ। ਗੁਰ ਫ਼ੁਰਮਾਨ ਹਨ—

> ਮਹਾ ਮੰਤ੍ਰ ਨਾਨਕ ਕਥੈ,
> ਹਰਿ ਕੇ ਗੁਣ ਗਾਈ ॥ [੮੧੪
> ਮਹਾ ਮੰਤ੍ਰ ਗੁਰ ਹਿਰਦੈ ਬਸਿਓ,
> ਅਚਰਜ ਨਾਮੁ ਸੁਨਿਓ ਰੀ ॥ [੩੮੪
> ਬਾਣੀ ਮੰਤ੍ਰ ਮਹਾ ਪੁਰਖਨ ਕੀ,
> ਮਨਹਿ ਉਤਾਰਨ ਮਾਨ ਕਉ ॥ [੧੨੦੮

ਗੁਰਬਾਣੀ ਦੇ ਪਾਠ ਕਰਨ ਤੇ ਸੁਣਨ ਨੂੰ ਡਾਕਟਰੀ ਨੁਸਖ਼ੇ ਜਾਂ ਰੇਲਵੇ ਟਾਈਮ-ਟੇਬਲ ਕੰਠ ਕਰਨ ਨਾਲ ਤੁਲਨਾ ਦੇਣੀ, ਗੁਰਬਾਣੀ ਦਾ ਅਪਮਾਨ ਹੈ। ਗੁਰਬਾਣੀ ਗੱਡੀ ਦਾ ਟਾਈਮ ਟੇਬਲ ਨਹੀਂ, ਸਗੋਂ ਗੱਡੀ ਹੈ, ਜੋ ਜਗਿਆਸੂ ਨੂੰ ਨਿਰੰਕਾਰ ਦੇ ਦੇਸ ਲੈ ਜਾਂਦੀ ਹੈ। ਇਸੇ ਤਰ੍ਹਾਂ ਗੁਰਬਾਣੀ ਡਾਕਟਰ ਦਾ ਨੁਸਖ਼ਾ ਨਹੀਂ, ਸਗੋਂ ਇਹ ਸੁਜਾਨ ਵੈਦ ਦੀ ਔਸ਼ਧੀ ਹੈ, ਜਿਸ ਦੇ ਸੇਵਨ ਨਾਲ ਜੀਵਨ ਦੇ ਆਧਿ ਬਿਆਧਿ ਉਪਾਧਿ ਸਾਰੇ ਰੋਗ ਮਿਟ ਜਾਂਦੇ ਹਨ।

ਇਥੇ ਇਹ ਸਮਝਣ ਦੀ ਲੋੜ ਹੈ ਕਿ ਗੁਰਬਾਣੀ ਬੁਧੀ ਮੰਡਲ ਦੀ ਉਪਜ ਨਹੀਂ, ਸਗੋਂ ਇਹ ਸੁਰਤੀ ਅਤੇ ਅਨੁਭਵ ਦੁਆਰਾ ਅਕਾਲ ਪੁਰਖ ਨਾਲ ਇਕ ਮਿਕ ਹੋਣ ਉਪਰੰਤ ਉਚਾਰੀ ਗਈ ਹੈ। ਇਸ ਵਿਚ ਨਿਰਾ ਉਪਦੇਸ਼ ਹੀ ਨਹੀਂ, ਸਗੋਂ ਅਕਾਲ ਪੁਰਖ ਦੀ ਸਿਫ਼ਤ-ਸਲਾਹ ਵੀ ਹੈ। ਸਿਫਤ-ਸਲਾਹ ਮੰਤ੍ਰ ਰੂਪ ਹੈ, ਜੋ ਮਨੁਖ ਦੀ ਸੁਰਤੀ ਨੂੰ ਅਕਾਲ ਪੁਰਖ ਨਾਲ ਜੋੜ ਕੇ ਉਚਾ ਤੇ ਨਿਰਮਲ ਕਰਦੀ ਹੈ। ਸਤਿਗੁਰਾਂ ਦੀ ਬਾਣੀ ਵਿਚੋਂ ਇਹੋ ਉਪਦੇਸ਼ ਮਿਲਦਾ ਹੈ ਕਿ—

> ਪ੍ਰਭ ਬਾਣੀ ਸਬਦੁ ਸੁਭਾਖਿਆ ॥
> ਗਾਵਹੁ ਸੁਣਹੁ ਪੜਹੁ ਨਿਤ ਭਾਈ,
> ਗੁਰ ਪੂਰੈ ਤੂ ਰਾਖਿਆ ॥ [ਪੰ: ੬੧੧
> ਗੁਰਬਾਣੀ ਗਾਵਹ ਭਾਈ ॥
> ਇਹ ਸਫਲ ਸਦਾ ਸੁਖਦਾਈ ॥ [ਪੰ: ੬੨੯


www.AKJ.Org

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ,
ਮਨੁ ਭੀਨਾ ਨਿਜ ਘਰਿ ਆਵੈਗੋ ॥
[ਪੰ: ੧੩੦੮

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ,
ਗੁਰਬਾਣੀ ਬਣੀਐ ॥ [ਪੰਨਾ ੩੦੪

ਭਗਤਿ ਭੰਡਾਰ ਗੁਰਬਾਣੀ ਲਾਲ ॥
ਗਾਵਤ ਸੁਨਤ ਕਮਾਵਤ ਨਿਹਾਲ ॥
[ਪੰ: ੩੭੬

ਗੁਰਬਾਣੀ ਦਾ ਬੋਲਣਾ ਹੀ ਅੰਮ੍ਰਿਤ ਭੁੰਚਣਾ ਹੈ—

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ,
ਜੋ ਬੋਲੇ ਸੋ ਮੁਖਿ ਅੰਮ੍ਰਿਤੁ ਪਾਵੈ ॥
[ਪੰ: ੪੯੪

ਗੁਰੂ ਬਾਬੇ ਦੀ ਚਟਸਾਲ ਵਿਚ ਕਈ ਸ਼੍ਰੇਣੀਆਂ ਦੇ ਵਿਦਿਆਰਥੀ ਗੁਰਸਿਖ ਹਨ ਅਤੇ ਅਧਿਆਤਮਕ ਟੀਸੀ ਤੇ ਪੁਜਣ ਲਈ ਕਈ ਪਉੜੀਆਂ ਚੜ੍ਹਨੀਆਂ ਪੈਂਦੀਆਂ ਹਨ। ਕੋਈ ਸੁਣਨ ਦੀ ਪਉੜੀ ਤੇ ਹੈ, ਕੋਈ ਸੁਣ ਕੇ ਗਾਵਣ ਪੜ੍ਹਨ ਦੀ ਪਉੜੀ ਤੇ ਹੈ, ਕੋਈ ਪੜ੍ਹ ਸੁਣ ਕੇ ਮੰਨਣ ਦੀ ਮੰਜ਼ਲ ਤੇ ਹੈ ਅਤੇ ਕੋਈ ਇਹ ਸਾਰੀਆਂ ਪਉੜੀਆਂ ਚੜ੍ਹ ਕੇ ਨਿਧਿਆਸਣ ਦਾ ਅਨੰਦ ਲੈ ਰਿਹਾ ਹੈ। ਇਨ੍ਹਾਂ ਸਾਰਿਆਂ ਅਧਿਆਤਮਕ ਪਾਂਧੀਆਂ ਦੇ ਸੁਣਨ ਤੋਂ ਲੈ ਕੇ ਨਿਧਿਆਸਣ ਤਕ ਸਾਰੇ ਦੇ ਸਾਰੇ ਉਦਮ ਸਫਲ ਤੇ ਪਰਵਾਣ ਹਨ ਅਤੇ ਸਾਰੇ ਆਪੋ ਆਪਣੀ ਥਾਂ ਜ਼ਰੂਰੀ ਹਨ। ਕੋਈ ਵੀ ਮਨੁੱਖ ਇਕ-ਦਮ ਉਚੀ ਟੀਸੀ ਤੇ ਨਹੀਂ ਪੁਜ ਜਾਂਦਾ ਅਤੇ ਨਾ ਹੀ ਪੁਜਣਾ ਸੰਭਵ ਹੈ। ਗੁਰਬਾਣੀ ਪਾਰਸ-ਕਲਾ ਸੰਪੰਨ ਹੈ ਅਤੇ ਇਸ ਦਾ ਸੁਰਤ ਜੋੜ ਕੇ ਪਾਠ ਕਰਨਾ ਤੇ ਸੁਣਨਾ ਪਾਰਜ-ਕਲਾ ਉਪਜਾਉਣ ਨੂੰ ਸਮਰਥ ਹੈ।

ਇਹ ਬਾਣੀ ਜੋ ਜੀਅਹੁ ਜਾਣੈ,
ਤਿਸੁ ਅੰਤਰਿ ਰਵੈ ਹਰਿਨਾਮਾ ॥
[ਪੰ: ੭੯੭

ਬਾਣੀ ਰਾਮ ਨਾਮ ਸੁਣੀ,
ਸਿਧਿ ਕਾਰਜ ਸਭਿ ਸੁਹਾਏ ਰਾਮ ॥
[ਪੰ: ੪੪੩

ਮਨੁੱਖੀ ਜੀਵਨ ਵਿਚ ਅਕਲ ਦਾ ਆਪਣਾ ਥਾਂ ਹੈ ਅਤੇ ਇਸ ਦੀ ਵੱਡੀ ਮਹੱਤਤਾ ਹੈ। ਇਹ ਬਿਬੇਕ ਤੇ ਅਬਿਬੇਕ ਦਾ ਨਿਰਣਾ ਕਰਦੀ ਹੈ। ਪਰ ਗੁਰਬਾਣੀ ਵਿਚ ਜਿਸ ਅਕਲ ਦਾ ਜ਼ਿਕਰ ਹੈ ਉਹ *Divine Wisdom* (ਅਨੁਭਵੀ ਬੁਧਿ) ਹੈ। ਇਸ ਤੋਂ ਭਾਵ ਉਹ ਅਕਲ ਹੈ ਜਿਹੜੀ ਸ਼ਬਦ ਦੀ ਟਕਸਾਲ ਵਿਚ ਘੜੀ ਜਾਂਦੀ ਹੈ। ਅਜਿਹੀ ਅਕਲ ਮਨੁੱਖ ਦੀ ਹਮੇਸ਼ਾ ਅਗਵਾਈ ਕਰਦੀ ਹੈ। ਪਰ ਮਨੁੱਖੀ ਅਕਲ ਤਾਂ ਨਿਰੀ ਢੁੱਚਰ-ਬਾਜ਼ੀ ਹੀ ਹੈ ਅਤੇ ਉਚਾ ਚੁਕਣ ਦੀ ਥਾਵੇਂ ਹਉਮੈ ਤੇ ਸਹਿਸ-ਸਿਆਣਪਾਂ ਦਾ ਪੈਖੜ ਪਾ ਕੇ ਮਨੁੱਖ ਨੂੰ ਲੂਲ੍ਹਾ ਕਰ ਛਡਦੀ ਹੈ। ਸਤਿਗੁਰਾਂ ਨੇ ਗੁਰਸਿਖਾਂ ਨੂੰ ਗੁਰਮਤਿ-ਘਾੜਤ ਵਿਚ ਘੜੀ ਹੋਈ ਅਕਲ ਨੂੰ ਅਪਣਾਉਣ ਦਾ ਉਪਦੇਸ਼ ਦਿਤਾ ਹੈ—

ਅਕਲੀ ਸਾਹਿਬੁ ਸੇਵੀਐ,
ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ,
ਅਕਲੀ ਕੀਚੈ ਦਾਨੁ ॥ [ਪੰ: ੧੨੪੫

ਗੁਰਮਤਿ-ਮਾਰਗ ਸੁਰਤੀ, ਲਿਵ ਅਤੇ ਭਗਤੀ ਦਾ ਮਾਰਗ ਹੈ। ਸੰਸਾਰੀ ਅਕਲ ਨਾਲੋਂ ਸੁਰਤੀ ਨੂੰ ਉਚਾ ਦਰਜਾ ਦਿਤਾ ਗਿਆ ਹੈ ਅਤੇ ਗਿਆਨ ਨਾਲੋਂ ਭਗਤੀ ਨੂੰ ਉਚਾ ਦਰਜਾ ਪ੍ਰਾਪਤ ਹੈ। ਜੇ ਮਨੁੱਖ ਦੀ ਅਧਿ-ਆਤਮਕ ਪ੍ਰਗਤੀ ਦਾ ਨਿਰਭਰ ਕੇਵਲ ਗਿਆਨ ਹਾਸਲ ਕਰਨ, ਭਾਵ ਬਾਣੀ ਦੇ ਅਰਥਾਂ ਤੇ ਹੀ ਹੋਵੇ ਤਾਂ ਪੜ੍ਹੇ ਲਿਖੇ ਚੁੰਚ ਗਿਆਨੀ ਹੀ ਸਾਰਾ ਗਫਾ ਲਾ ਜਾਣ ਅਤੇ ਅਨਪੜ੍ਹ ਵਿਚਾਰੇ ਬਿਲਕੁਲ ਹੀ ਵਿਰਵੇ ਰਹਿ ਜਾਣ। ਗੁਰਬਾਣੀ ਤਾਂ ਇਉਂ ਫੁਰਮਾਉਂਦੀ ਹੈ—

ਜੋ ਪ੍ਰਾਣੀ ਗੋਬਿੰਦੁ ਧਿਆਵੈ ॥
ਪੜਿਆ ਅਣਪੜਿਆ ਪਰਮਗਤਿ ਪਾਵੈ ॥
[ਪੰਨਾ ੧੯੭

ਪ੍ਰਭੁ ਮਿਲਿਓ ਸੁਖ ਬਾਲੇ ਭੋਲੇ ॥
[ਪੰਨਾ ੧੩੦੭

ਗੁਰੂ-ਘਰ ਵਿਚ ਤਾਂ ਪ੍ਰੇਮ ਅਤੇ ਭੋਲੇ-ਭਾਵ ਨੂੰ ਪ੍ਰਧਾਨਤਾ ਹੈ। ਪ੍ਰੇਮ ਤੇ ਸ਼ਰਧਾ ਨਾਲ ਕੀਤੇ ਪਾਠ ਦਾ ਸਦਕਾ ਗੁਰਬਾਣੀ ਅੰਦਰ ਵਸਦੀ ਹੈ ਅਤੇ ਅੰਦਰ ਵਸੀ ਹੋਈ ਗੁਰਬਾਣੀ ਮਨੁੱਖੀ ਆਚਰਨ ਦੀ ਉਸਾਰੀ ਕਰਦੀ ਹੈ।



www.AKJ.Org

ਪੈਰਾ ਤਿੰਨ ਵਿਚ ਲਿਖਿਆ ਹੈ ਕਿ "ਗਰਾਮੋਫ਼ੋਨ ਉਤੇ ਸਾਲਾਂ ਬਧੀ ਸ਼ਬਦਾਂ ਦੇ ਰੀਕਾਰਡ ਵਜਾਣ ਨਾਲ ਵੀ ਉਹ ਵਾਜੇ ਦਾ ਵਾਜਾ ਹੀ ਰਹਿੰਦਾ ਹੈ।"

ਪਤਾ ਨਹੀਂ ਗਰਾਮੋਫ਼ੋਨ ਤੋਂ ਲੇਖਕ ਹੋਰ ਕੀ ਹਾਥੀ ਬਣਾਉਣਾ ਚਾਹੁੰਦਾ ਹੈ? ਗਰਾਮੋਫ਼ੋਨ ਇਕ ਨਿਰਜਿੰਦ ਚੀਜ਼ ਹੈ ਤੇ ਮਨੁੱਖੀ ਕ੍ਰਿਤ ਹੈ, ਪਰ ਇਸ ਦੇ ਉਲਟ ਮਨੁਖ ਸਜਿੰਦ ਹੈ ਅਤੇ ਰੱਬੀ ਕ੍ਰਿਤ ਹੈ। ਮਨੁੱਖ ਵਿਚ ਇਸ ਦੇ ਵਿਧਾਤਾ ਵਲੋਂ ਬਖ਼ਸ਼ੀਆ ਹੋਈਆਂ ਚਾਰ ਅਮੋਲਕ ਦਾਤਾਂ ਸੁਰਤਿ, ਮਤਿ, ਮਨ ਤੇ ਬੁਧਿ ਹਨ ਅਤੇ ਮਨੁੱਖ ਦੇ ਹਰੇਕ ਕਰਮ ਦਾ, ਭਾਵੇਂ ਉਹ ਅਚੇਤ ਮਨ ਨਾਲ ਕੀਤਾ ਜਾਵੇ ਭਾਵੇਂ ਸੁਚੇਤ ਮਨ ਨਾਲ, ਇਨ੍ਹਾਂ ਉਤੇ ਪ੍ਰਭਾਵ ਪੈਣਾ ਅਵੱਸ਼ ਹੈ। ਇਹ ਇਕ ਮਨੋ-ਵਿਗਿਆਨਕ ਸਚਿਆਈ ਹੈ ਕਿ ਇਕ ਖ਼ਿਆਲ ਨੂੰ ਬਾਰ ਬਾਰ ਚਿਤਵਣ ਨਾਲ ਮਨੁੱਖੀ ਸੁਭਾ ਬਣਦੇ ਹਨ ਤੇ ਮਨੁਖ ਦੇ ਹਰੇਕ ਕਰਮ ਉਤੇ ਉਸ ਦਾ ਸੁਭਾਵ ਹਾਵੀ ਹੁੰਦਾ ਹੈ। ਗਰਾਮੋਫ਼ੋਨ ਦਾ ਨਾ ਕੋਈ ਮਨ ਹੈ ਨ ਬੁਧਿ, ਨਾ ਮਤਿ ਨਾ ਸੁਰਤਿ, ਅਤੇ ਨਾ ਹੀ ਉਸ ਦਾ ਕੋਈ ਸੁਭਾਵ ਹੈ। ਫਿਰ ਉਸ ਦੇ ਸੁਭਾਵ ਵਿਚ ਤਬਦੀਲੀ ਦੀ ਆਸ ਰਖਣੀ ਨਿਰਮੂਲ ਹੈ।

ਪੈਰਾ ਨੰਬਰ ੪ ਤੋਂ ਸਧਾਰਨ ਪਾਠਕ ਨੂੰ ਭੁਲੇਖਾ ਪੈਂਦਾ ਹੈ ਕਿ ਨਾਮ ਦਾ ਬਾਰ ਬਾਰ ਉਚਾਰਨ ਇਕ ਫੋਕਟ ਕਰਮ ਹੈ। ਅਸਲ ਵਿਚ ਇਹ ਗੱਲ ਗੁਰਮਤਿ ਦੇ ਉਲਟ ਹੈ। ਗੁਰਬਾਣੀ ਵਿਚ ਨਾਮ ਦੇ ਬਾਰ ਬਾਰ ਜਪਣ ਦੀ ਤਾਕੀਦ ਹੈ। ਇਸ ਨੂੰ ਸਾਸ ਸਾਸ ਜਪਣ ਦਾ ਹੁਕਮ ਹੈ ਤੇ ਇਕ ਸਵਾਸ ਵੀ ਨਾਮ ਬਿਹੂਣ ਗੁਜ਼ਾਰਨ ਨੂੰ ਵਿਕਾਰ ਨਾਲ ਤੁਲਨਾ ਦਿਤੀ ਹੈ —

ਸਾਸ ਸਾਸ ਸਾਸ ਹੈ ਜੇਤੇ, ਮੈ ਗੁਰਮਤਿ
ਨਾਮੁ ਸਮਾਰੇ॥ ਸਾਸੁ ਸਾਸੁ ਜਾਇ ਨਾਮੈ ਬਿਨੁ,
ਸੋ ਬਿਰਥਾ ਸਾਸੁ ਬਿਕਾਰੇ॥ [ਪੰ: ੯੮੧

ਜਿਸ ਤਰ੍ਹਾਂ ਸਰੀਰ ਨੂੰ ਬਲਵਾਨ ਕਰਨ ਲਈ ਸਵੱਛ ਤੇ ਨਿਗਰ ਭੋਜਨ ਦੀ ਲੋੜ ਹੈ ਉਸੇ ਤਰ੍ਹਾਂ ਹੀ ਇਸ ਵਿਚ ਵਸਦੇ ਜੀਵ ਨੂੰ ਨਰੋਆ ਰਖਣ ਲਈ ਆਤਮਕ ਭੋਜਨ ਦੀ ਲੋੜ ਹੈ। ਨਾਮ ਇਸ ਜੀਵਨ ਦਾ ਆਤਮਕ ਭੋਜਨ ਹੈ, ਜਿਸ ਦਾ ਬਾਰ ਬਾਰ ਰਟਨ ਇਸ ਨੂੰ ਤ੍ਰਿਪਤਾਇ ਅਘਾਇ ਰਖਦਾ ਹੈ ਤੇ ਅੰਦਰ ਰਚ ਮਿਚ ਕੇ ਇਸ ਨੂੰ ਬਲਵਾਨ ਕਰਦਾ ਹੈ। ਫੁਰਮਾਨ ਹੈ:—

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹ ਅਧਾਰ॥ [ਪੰ: ੨੯੫
ਬਾਰੰ ਬਾਰ ਬਾਰ ਪ੍ਰਭੁ ਜਪੀਐ॥
ਪੀ ਅੰਮ੍ਰਿਤ ਇਹੁ ਮਨੁ ਤਨੁ ਧ੍ਰਪੀਐ॥ [ਪੰ: ੨੯੬
ਲਾਖ ਜਿਹਵਾ ਦੇਹੁ ਮੇਰੇ ਪਿਆਰੇ,
ਮੁਖਿ ਹਰਿ ਅਰਾਧੇ ਮੇਰਾ ਰਾਮ॥ [ਪੰ: ੭੮੦
ਇਕਦੂ ਜੀਭੌ ਲਖ ਹੋਹਿ,
ਲਖ ਹੋਵਹਿ ਲਖ ਵੀਸ॥ [ਪੰ: ੭

ਜਿਹੜੀ ਰਸਨਾ ਨਾਮ ਨਹੀਂ ਜਪਦੀ ਉਸ ਨੂੰ ਤਾਂ ਕਟ ਦੇਣ ਦੇ ਕਾਬਲ ਕਿਹਾ ਗਿਆ ਹੈ —

ਰਸਨਾ ਜਪੈ ਨ ਨਾਮੁ, ਤਿਲੁ ਤਿਲੁ
ਕਰਿ ਕਟੀਐ॥ [ਪੰ: ੧੩੬੩

ਨਾਮ ਨੂੰ ਬਾਰ ਬਾਰ ਜਪਣ ਦੇ ਵਿਰੋਧ ਵਿਚ ਲਿਖਾਰੀ ਜੀ ਵਲੋਂ ਹੇਠ ਲਿਖੀ ਤੁਕ ਦਿਤੀ ਗਈ ਹੈ—

ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ
ਨ ਹੋਇ॥ [ਪੰ: ੪੯੧

ਚੰਗਾ ਹੁੰਦਾ ਜੇ ਇਸ ਸਲੋਕ ਦੀ ਦੂਜੀ ਤੁਕ ਵੀ ਨਾਲ ਦੇ ਦਿਤੀ ਜਾਂਦੀ, ਤਾਂ ਜੁ ਅਰਥ ਖੁਲ੍ਹ ਜਾਂਦੇ। ਅਗਲੀ ਤੁਕ ਇਉਂ ਹੈ—ਗੁਰ ਪਰਸਾਦੀ ਰਾਮੁ ਮਨਿ ਵਸੈ, ਤਾ ਫਲੁ ਪਾਵੈ ਕੋਇ॥ ਸਮੁੱਚਾ ਸਲੋਕ ਗੁਰੂ ਤੋਂ ਦੀਖਿਆ ਲੈ ਕੇ ਨਾਮ ਸਿਮਰਨ ਦੀ ਤਾਕੀਦ ਕਰਦਾ ਹੈ ਤੇ ਇਹ ਭੇਦ ਖੋਲ੍ਹਦਾ ਹੈ—

ਮਨਮੁਖ ਹਰਿ ਹਰਿ ਕਰਿ ਥਕੇ, ਮੈਲੁ ਨ ਸਕੀ
ਧੋਇ॥ [ਪੰ: ੩੯
ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ, ਵਿਣੁ
ਸਤਿਗੁਰ ਭਗਤਿ ਨਾ ਹੋਈ ਰਾਮ॥ [ਪੰ: ੭੬੮

ਪੈਰਾ ੬ ਵਿਚ ਆਪ ਲਿਖਦੇ ਹਨ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਕਦੀ ਕਿਤੇ ਕੋਈ ਅਖੰਡਪਾਠ ਹੋਇਆ, ਪੜ੍ਹਨ ਸੁਣਨ ਵਿਚ ਨਹੀਂ ਆਉਂਦਾ। ਦਸਿਆ ਜਾਂਦਾ ਹੈ ਕਿ ਮਗਰੋਂ, ਸਿਖ ਸੂਰਬੀਰਾਂ ਨੇ, ਜੋ ਜੰਗਲਾਂ ਵਿਚ ਦਿਨ-ਕਟੀ ਕਰ ਰਹੇ ਸਨ, ਇਹ ਰੀਤੀ ਸ਼ੁਰੂ ਕੀਤੀ। ਗਿਆਨੀ ਗਿਆਨ ਸਿੰਘ ਰਚਿਤ 'ਪੰਥ ਪ੍ਰਕਾਸ਼' (ਛਾਪਕ ਭਾਸ਼ਾ ਵਿਭਾਗ ਪੰਜਾਬ) ਗ੍ਰੰਥ ਅਨੁਸਾਰ


www.AKJ.Org

ਇਹ ਲੋਕ ਵਡੇ ਪੱਕੇ ਲੁਟੇਰੇ ਸਨ, ਅਫੀਮ ਸੁਖੇ ਦੀ ਖੁਲ੍ਹੀ ਵਰਤੋਂ ਕਰਦੇ ਤੇ ਸ਼ਰਾਬ ਦੇ ਮਟਕੇ ਪੀ ਜਾਂਦੇ, ਹਰਨ ਮਾਰ ਕੇ ਨਿਮਕ ਮਰਚ ਤੋਂ ਬਿਨਾਂ, ਕੱਚਾ ਹੀ ਖਾ ਲੈਂਦੇ, ਇਨ੍ਹਾਂ ਨੇ ਮੁਸਲਮਾਨਾਂ ਦੇ ਬੱਚੇ ਕਤਲ ਕੀਤੇ, ਬਾਂਗ ਨਿਮਾਜ਼ ਬੰਦ ਕੀਤੀ, ਮਸਜਿਦਾਂ ਢਾਹੀਆਂ, ਅੰਦਰ ਸੂਰ ਮਾਰੇ, ਮੁਸਲਮਾਨਾਂ ਦੀਆਂ ਨੂੰਹਾਂ ਧੀਆਂ ਨੂੰ ਪਕੜ ਕੇ ਜਬਰਨ ਸੂਰ ਖਵਾਏ ਤੇ ਉਨ੍ਹਾਂ ਨਾਲ ਵਿਆਹ ਕੀਤੇ, ਇਤਿਆਦਿ।''

ਲੇਖਕ ਜੀ ਵਲੋਂ ਇਹ ਹਵਾਲਾ ਪੜ੍ਹ ਕੇ ਬੜੀ ਹੈਰਾਨੀ ਹੋਈ ਕਿ ਆਪ ਜੀ ਅਸਲੀਅਤ ਲਭਣ ਦੀ ਥਾਂ ਕੇਵਲ ਛਿਦਰ ਢੂੰਡਣ ਦੇ ਆਹਰ ਵਿਚ ਹੀ ਹਨ। ਕੌਮ ਦੀ ਬਦਕਿਸਮਤੀ ਹੈ ਕਿ ਸਾਡੀਆਂ ਜ਼ਿਮੇਵਾਰ ਸੰਸਥਾਵਾਂ ਦੀ ਅਨਗਹਿਲੀ ਕਾਰਨ ਇਹੋ ਜਿਹੀਆਂ ਇਤਿਹਾਸਕ ਪੁਸਤਕਾਂ ਛਾਪਣ ਤੇ ਸੰਪਾਦਨ ਕਰਨ ਲਗਿਆਂ ਗ਼ਲਤ-ਬਿਆਨੀਆਂ ਦੀ ਸੋਧ-ਸੁਧਾਈ ਜਾਂ ਆਲੋਚਨਾ ਨਹੀਂ ਕੀਤੀ ਗਈ। ਪਰ ਸਿੰਘਾਂ ਦੀ ਜਾਨ ਦੇ ਵੈਰੀ ਅਹਿਮਦਸ਼ਾਹ ਅਬਦਾਲੀ ਦੇ ਨਾਲ ਆਏ ਹੋਏ ਕਾਜ਼ੀ ਨੂਰ ਮੁਹੰਮਦ, ਜਿਸ ਨੇ ਬੜੀ ਈਰਖਾ ਭਰੀ ਸ਼ਬਦਾਵਲੀ ਵਿਚ ਸਿੰਘਾਂ ਦੇ ਅਬਦਾਲੀ ਨਾਲ ਹੋਏ ਜੰਗ ਦਾ ਜ਼ਿਕਰ ਕੀਤਾ ਹੈ, ਉਹ ਸਿੰਘਾਂ ਨੂੰ ਨਫ਼ਰਤ ਨਾਲ 'ਸਗ' (ਕੁੱਤੇ) ਲਫ਼ਜ਼ ਕਹਿ ਕੇ ਪੁਕਾਰਦਾ ਹੈ। ਜਿਥੇ ਉਹ ਸਿੰਘਾਂ ਦੀ ਬਹਾਦਰੀ ਦਾ ਜ਼ਿਕਰ ਕੀਤੇ ਬਿਨਾਂ ਰਹਿ ਨਹੀਂ ਸਕਦਾ ਉਥੇ ਸਿੰਘਾਂ ਦੇ ਉਚੇ ਆਚਰਨ ਦੀਆਂ ਵਾਰਾਂ ਗਾਉਣ ਲਈ ਵੀ ਮਜਬੂਰ ਸੀ। ਕਾਜ਼ੀ ਨੂਰ ਮੁਹੰਮਦ ਲਿਖਦਾ ਹੈ, **''ਇਹ ਨਾ ਹੀ ਕਿਸੇ ਤ੍ਰੀਮਤ ਦਾ ਗਹਿਣਾ ਜਾਂ ਰੁਪਿਆ ਲੁਟਦੇ ਹਨ, ਭਾਵੇਂ ਉਹ ਸਵਾਣੀ ਹੋਵੇ ਭਾਵੇਂ ਗੋਲੀ ਬਾਂਦੀ। ਇਨ੍ਹਾਂ ਵਿਚ ਵਿਭਚਾਰ ਭੀ ਨਹੀਂ, ਨਾ ਹੀ ਇਹ ਚੋਰੀ ਕਰਦੇ ਹਨ। ਤ੍ਰੀਮਤ ਭਾਵੇਂ ਜਵਾਨ ਹੋਵੇ ਭਾਵੇਂ ਬੁੱਢੀ, ਇਹ ਉਸ ਨੂੰ ਬੁੱਢੀ ਹੀ ਆਖਦੇ ਹਨ। ਹਿੰਦੀ ਵਿਚ 'ਬੁੱਢੀ' ਦੇ ਅਰਥ ਹਨ ਵਡੀ ਉਮਰ ਵਾਲੀ ਤ੍ਰੀਮਤ। ਇਹ ਨਾ ਚੋਰੀ ਕਰਦੇ ਹਨ ਨਾ ਹੀ ਸੰਨ੍ਹ ਮਾਰਦੇ ਹਨ ਅਤੇ ਨਾ ਹੀ ਚੋਰ ਜਾਂ ਸੰਨ੍ਹ ਮਾਰਨ ਵਾਲੇ ਨੂੰ ਮਿੱਤਰ ਬਣਾਉਂਦੇ ਹਨ।''**

ਕਟੜ ਮੁਖ਼ਾਲਫ਼ ਤਾਂ ਸਿਖਾਂ ਦਾ ਇਹੋ ਆਚਰਨ ਦਸਦਾ ਹੈ ਕਿ ਉਹ ਚੋਰਾਂ ਤੇ ਸੰਨ੍ਹ ਮਾਰਨ ਵਾਲਿਆਂ ਨੂੰ ਮਿਤਰ ਤਕ ਨਹੀਂ ਬਣਾਉਂਦੇ, ਉਹ ਵਿਭਚਾਰੀ ਨਹੀਂ ਸਗੋਂ ਜਵਾਨ ਤ੍ਰੀਮਤਾਂ ਨੂੰ ਭੀ 'ਬੁੱਢੀ' ਕਹਿ ਕੇ ਮਨ ਨੂੰ ਕਾਬੂ ਵਿਚ ਰਖਦੇ ਹਨ। ਪਰ ਦੂਜੇ ਪਾਸੇ ਸਾਡੇ ਇਹ ਵੀਰ ਜੀ ਕੋਈ ਗ਼ਲਤ ਹਵਾਲਾ ਢੂੰਡ ਕੇ ਬੇਲੋੜਾ ਭੰਡ ਰਹੇ ਹਨ। ਗ਼ੈਰ-ਜ਼ਿਮੇਵਾਰ ਤੇ ਗੁੰਡਾ ਅਨਸਰ ਹਰ ਕੌਮ ਵਿਚ ਹਰ ਸਮੇਂ ਹੋਇਆ ਕਰਦਾ ਹੈ, ਪਰ ਅਜਿਹੇ ਅਨਸਰ ਵਲੋਂ ਕੀਤੀ ਕੋਈ ਗ਼ਲਤਕਾਰੀ ਸਮੁੱਚੀ ਕੌਮ ਦੇ ਨਾਂ ਮੜ੍ਹਨਾ ਕੋਈ ਸਿਆਣਪ ਨਹੀਂ।

**ਪੈਰਾ ੨੦** ਵਿਚ ਆਪ ਜੀ ਲਿਖਦੇ ਹਨ, ''ਆਪ ਰਲ ਮਿਲ ਕੇ ਅਖੰਡਪਾਠ ਕਰਨੇ ਵੀ ਗੁਰਮਤਿ ਅਨੁਕੂਲ ਨਹੀਂ।..... ਆਪ ਅਖੰਡਪਾਠ ਪੜ੍ਹਨ ਲਈ ਜਗਰਾਤੇ ਕਟਣੇ ਇਕ ਤਪੱਸਿਆ ਹੈ ਜੋ ਮਨ-ਹਠ ਕਰਮ ਹੈ। ਸਰੀਰ ਨੂੰ ਬੇਲੋੜੇ ਕਸ਼ਟ ਦੇਣ ਦਾ ਕੋਈ ਗੁਣ ਨਹੀਂ।''

ਇਸ ਲਿਖਤ ਤੋਂ ਵੀ ਇਹ ਟਪਲਾ ਲਗਦਾ ਹੈ ਕਿ ਲੇਖਕ ਜੀ ਕੇਵਲ ਸ੍ਰੀ ਅਖੰਡਪਾਠ ਦੀ ਮਰਯਾਦਾ ਵਿਚ ਪਰਚਲਤ ਕੁਰੀਤੀਆਂ ਦੇ ਹੀ ਵਿਰੁਧ ਨਹੀਂ, ਸਗੋਂ ਅਖੰਡਪਾਠ ਦੇ ਮੂਲੋਂ ਹੀ ਵਿਰੋਧੀ ਹਨ।

ਅਖੰਡਪਾਠ ਰਾਹੀਂ ਗੁਰਬਾਣੀ ਦਾ ੧੬ ਪਹਿਰ ਲਗਾਤਾਰ ਪਰਵਾਹ, ਤੇ ਉਹ ਭੀ ਕਿਸੇ ਲੋਭ ਲਾਲਚ ਦੀ ਭਾਵਨਾ ਦੇ ਅਧੀਨ ਨਹੀਂ, ਸਗੋਂ 'ਆਤਮ ਕੇ ਚਾਇ' ਰਲ ਮਿਲ ਕੇ ਪ੍ਰੇਮੀਆਂ ਵਲੋਂ ਕੀਤਾ ਪਾਠ ਇਕ ਮੋਹਲੇ-ਧਾਰ ਬਰਖਾ ਵਾਂਗ ਹੈ, ਜਿਸ ਦੁਆਰਾ ਟਿਬਿਆਂ ਦੀ ਨਿਆਈਂ ਸੁੱਕੇ ਮਨ ਵੀ ਸਰਸ਼ਾਰ ਹੋ ਜਾਂਦੇ ਹਨ। ਥਕੇਵਾਂ ਰਸ-ਲੀਨਤਾ ਵਿਚ ਨਹੀਂ ਹੁੰਦਾ, ਵਿਗਾਰ ਵਿਚ ਹੁੰਦਾ ਹੈ। ਰਸ-ਲੀਨਤਾ ਵਿਚ ਤਾਂ ਆਪਣਾ ਆਪ ਭੁਲ ਹੀ ਜਾਂਦਾ ਹੈ ਅਤੇ ਇਹ ਸਾਰੀ ਕਿਰਿਆ ਮਨ-ਹਠ ਵਿਚ ਨਹੀਂ, ਸਗੋਂ ਸਹਿਜ ਵਿਚ ਹੁੰਦੀ ਹੈ। ਜਿਥੋਂ ਤਕ ਸਰੀਰ ਨੂੰ ਬੇਲੋੜੇ ਕਸ਼ਟ ਦੇਣ ਦਾ ਸੰਬੰਧ ਹੈ, ਉਦਮ ਤੇ ਘਾਲਨਾ ਤੋਂ ਬਗ਼ੈਰ ਜੀਵਨ ਦੇ ਕਿਸੇ ਪਹਿਲੂ ਵਿਚ ਵੀ ਕੋਈ ਪ੍ਰਾਪਤੀ ਨਹੀਂ ਹੋ ਸਕਦੀ। ਅਧਿਆਤਮਕ ਵਸਤੂ ਜਿੰਨੀ ਵਡਮੁੱਲੀ ਹੈ ਉਸ ਦੀ ਪ੍ਰਾਪਤੀ ਲਈ ਓਨੀ ਹੀ ਵਡੀ ਘਾਲਨਾ ਘਾਲਣੀ ਪੈਂਦੀ ਹੈ—

ਗੁਰਮੁਖਿ ਸੇਵਾ ਘਾਲ ਜਿਨਿ ਘਾਲੀ ॥ ਤਿਸੁ
ਘੜੀਐ ਸਬਦੁ ਸਚੀ ਟਕਸਾਲੀ ॥ [ਪੰ: ੧੧੩੪

ਰਸ-ਪਰਾਇਣ ਕੀਤੀ ਹੋਈ ਘਾਲਣਾ ਵਿਚ ਅਕੇਵਾਂ



www.AKJ.Org

ਤੇ ਥਕੇਵਾਂ ਨਾਂ ਮਾਤਰ ਵੀ ਨਹੀਂ ਵਿਆਪਦੇ, ਇਸ ਲਈ ਸਰੀਰਕ ਕਸ਼ਟ ਕਹਿਣਾ ਸੋਭਦਾ ਨਹੀਂ। ਹਾਂ, ਜਿਨ੍ਹਾਂ ਨੂੰ ਨਾਮ-ਬਾਣੀ ਦਾ ਰਸ ਪ੍ਰਾਪਤ ਨਹੀਂ ਹੋਇਆ, ਉਹ ਭਾਵੇਂ ਇਸ ਨੂੰ ਸਰੀਰਕ ਕਸ਼ਟ ਪ੍ਰਤੀਤ ਕਰਨ। ਇਹ ਇਕ ਅਜਿਹਾ ਨਸ਼ਾ ਹੈ ਜਿਸ ਨੂੰ ਪੀਣ ਵਾਲਾ ਹੀ ਜਾਣ ਸਕਦਾ ਹੈ—

ਕਹੁ ਨਾਨਕ ਸੰਤਨ ਰਸੁ ਆਈ ਹੈ, ਜਿਉ
ਚਾਖਿ ਗੂੰਗਾ ਮੁਸਕਾਰੈ ॥ [ਪੰ: ੧੩੦੨

ਇਸ ਤੋਂ ਇਨਕਾਰ ਨਹੀਂ ਕਿ ਅਜਿਹੇ ਨਾਮ-ਰੰਗਾਂ ਵਿਚ ਰੰਗੀਜ ਕੇ ਕੀਤੇ ਹੋਏ ਅਖੰਡਪਾਠ-ਸਮਾਗਮ ਵਿਰਲੇ ਵਾਂਝੇ ਹੀ ਹੁੰਦੇ ਹਨ, ਪਰ ਹੈਨ ਜ਼ਰੂਰ, ਅਤੇ ਅਜਿਹੇ ਸਮਾਗਮਾਂ ਦੁਆਰਾ ਵਰਤੀ ਬਾਣੀ ਦੀ ਪਾਰਸ-ਕਲਾ ਦੇ ਕਈ ਕ੍ਰਿਸ਼ਮੇ ਵੀ ਵੇਖਣ ਸੁਣਨ ਵਿਚ ਆਉਂਦੇ ਹਨ। ਕਿਸੇ ਵਸਤੂ ਦਾ ਘਟ ਮਾਤਰਾ ਵਿਚ ਮਿਲਣਾ ਉਸ ਦੀ ਅਣਹੋਂਦ ਦਾ ਲਖਾਇਕ ਨਹੀਂ ਹੋ ਸਕਦਾ। ਸ੍ਰੀ ਅਖੰਡਪਾਠ-ਸਮਾਗਮਾਂ ਸਮੇਂ ਜੀਵਨ-ਪਲਟਾਊ ਕ੍ਰਿਸ਼ਮਿਆਂ ਤੋਂ ਅਨਜਾਣ ਹੋਣ ਦੇ ਕਾਰਨ ਜਾਂ ਜਾਣ ਬੁਝ ਕੇ ਉਨ੍ਹਾਂ ਤੋਂ ਨਾਬਰ ਹੋ ਕੇ ਸ੍ਰੀ ਅਖੰਡਪਾਠ ਨੂੰ ਫੋਕਟ ਕਰਮ-ਕਾਂਡ ਗਰਦਾਨਣਾ ਬੇਇਨਸਾਫ਼ੀ ਹੈ।

**ਪੈਰਾ ੨੪** ਵਿਚ ਵੀ ਇਸੇ ਤਰ੍ਹਾਂ ਦਾ ਭੁਲੇਖਾ ਪੈਂਦਾ ਹੈ ਕਿ ਸਿਖੀ ਵਿਚ ਅੰਮ੍ਰਿਤ ਦੀ ਪਰੰਪਰਾ ਇਕ ਸਧਾਰਨ ਰਸਮ ਹੀ ਹੈ ਤੇ ਜੀਵਨ ਦੀ ਉਸਾਰੀ ਵਿਚ ਇਸ ਦਾ ਕੋਈ ਨਿਘਰ ਹਿੱਸਾ ਨਹੀਂ। ਅਜਿਹੇ ਵਿਚਾਰ ਭੁਲੇਖੇ ਦੀ ਉਪਜ ਹਨ ਅਤੇ ਇਨ੍ਹਾਂ ਤੋਂ ਨੌਜੁਆਨ ਪਾਠਕਾਂ ਨੂੰ ਭੁਲੇਖਾ ਲਗਣਾ ਕੁਦਰਤੀ ਹੈ। ਅੰਮ੍ਰਿਤ ਗੁਰੂ ਅਤੇ ਅਕਾਲ ਪੁਰਖ ਨਾਲ ਆਤਮਿਕ ਸੰਜੋਗ ਹੈ, ਜਿਸ ਰਾਹੀਂ ਜਗਿਆਸੂ ਨੂੰ ਗੁਰ-ਦੀਖਿਅਤ ਕੀਤਾ ਜਾਂਦਾ ਹੈ। ਗੁਰ-ਦੀਖਿਆ ਤੋਂ ਬਗੈਰ ਜਗਿਆਸੂ ਨਿਗੁਰਾ ਰਹਿੰਦਾ ਹੈ ਤੇ ਗੁਰਮਤਿ ਵਿਚ ਨਿਗੁਰੇ ਦੀ ਕੋਈ ਥਾਂ ਨਹੀਂ—

ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ
ਕਾ ਹੈ ਨਾਉ ਬੁਰਾ ॥ [ਪੰ: ੪੩੫

ਅੰਮ੍ਰਿਤ ਛਕਣ ਬਗੈਰ, ਭਾਵ ਗੁਰ-ਦੀਖਿਆ ਪ੍ਰਾਪਤ ਕੀਤੇ ਬਗ਼ੈਰ ਗੁਰਮਤਿ ਜਾਗ ਲਗ ਹੀ ਨਹੀਂ ਸਕਦੀ। ਅਜ਼ਲੀ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਕਰਣੀ ਕਮਾਈ ਵਾਲੇ ਪੰਜ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘਾਂ ਦੁਆਰਾ ਪ੍ਰਾਪਤਕੀਤੇ ਨਾਮ ਦਾ ਜਾਪ ਹੀ ਫਲੀ ਭੂਤ ਹੁੰਦਾ ਹੈ—

ਕਬੀਰ ਰਾਮ ਕਹਨ ਮਹਿ ਭੇਦੁ ਹੈ, ਤਾ ਮਹਿ ਏਕੁ
ਬਿਚਾਰੁ ॥ ਸੋਈ ਰਾਮੁ ਸਭੈ ਕਹਹਿ, ਸੋਈ
ਕਉਤਕਹਾਰ ॥ [ਪੰ: ੧੯੦

ਜਦੋਂ ਪੰਜ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਅੰਮ੍ਰਿਤ-ਸਿੰਚਾਰ ਕਰਨ ਲਈ ਜੁੜਦੇ ਹਨ ਅਤੇ ਇਸ ਕਾਰਜ ਦੀ ਸਫਲਤਾ-ਸੰਪੂਰਨਤਾ ਲਈ ਅਰਦਾਸ ਕਰਨ ਉਪਰੰਤ ਸ਼ਰਧਾ ਤੇ ਪ੍ਰੇਮ ਨਾਲ ਇਕ-ਰਸ, ਰੰਗਾਂ-ਤਰਗਾਂ ਵਿਚ ਗੁਰਬਾਣੀ ਦਾ ਪਾਠ ਉਚੀ ਧੁਨੀ ਵਿਚ ਕਰਦੇ ਹਨ ਤਾਂ ਬਾਣੀ ਦੀ ਪਾਰਸ-ਕਲਾ ਉਨ੍ਹਾਂ ਦੇ ਅੰਦਰ ਪਰਵੇਸ਼ ਕਰ ਜਾਂਦੀ ਹੈ ਤੇ ਉਨ੍ਹਾਂ ਦੀ ਰਸਨਾ ਦੇ ਉਚਾਰ, ਅੰਮ੍ਰਿਤ-ਭਿੰਨੇ ਨੇਤਰਾਂ ਦੀ ਤਕਣੀ ਅਤੇ ਉਨ੍ਹਾਂ ਦੇ ਕਰ-ਕਮਲਾਂ ਦੇ ਸਪਰਸ਼ ਦੁਆਰਾ ਸਰਬ-ਲੋਹੀ ਬਾਟੇ ਦੇ ਜਲ ਅੰਦਰ ਪਰਵੇਸ਼ ਕਰ ਕੇ ਉਸ ਨੂੰ ਸਧਾਰਨ ਜਲ ਤੋਂ ਅੰਮ੍ਰਿਤ-ਜਲ ਬਣਾ ਦਿੰਦੀ ਹੈ। ਇਸ ਅੰਮ੍ਰਿਤ-ਜਲ ਦਾ ਅਭਿਲਾਖੀਆਂ ਦੀ ਰਸਨਾ, ਦਸਮ ਦੁਆਰ ਅਤੇ ਨੇਤਰਾਂ ਰਾਹੀਂ ਉਨ੍ਹਾਂ ਦੇ ਸਰੀਰ ਅੰਦਰ ਸਿੰਚਾਰ ਕਰ ਕੇ, ਨਾਮ ਦੀ ਜਾਗ ਲਾਈ ਜਾਂਦੀ ਹੈ। ਕੇਵਲ ਬੁਧੀ ਦੁਆਰਾ ਗੁਰਬਾਣੀ ਦੇ ਅਰਥਾਂ ਦੀ ਜਾਣਕਾਰੀ ਨਾਲ ਹੀ ਨਹੀਂ, ਸਗੋਂ ਸੁਰਤੀ ਦੇ ਟਿਕਾਉ ਵਿਚ ਰਸ-ਲੀਨ ਬਿਰਤੀ ਨਾਲ ਗੁਰਬਾਣੀ ਦੇ ਉਚਾਰਨ ਦੁਆਰਾ ਬਾਣੀ ਦੀ ਪਾਰਸ-ਕਲਾ ਵਾਪਰਦੀ ਹੈ। 'ਅੰਮ੍ਰਿਤ' ਅਧਿਆਤਮਕ ਜੀਵਨ ਦੀ ਗੁੜ੍ਹਤੀ ਹੈ, ਜੋ ਹਰੇਕ ਲਈ ਜ਼ਰੂਰੀ ਹੈ। ਇਸ ਵਿਚ ਵਡੀ ਛੋਟੀ ਆਯੂ ਦਾ ਕੋਈ ਲਿਹਾਜ਼ ਨਹੀਂ। ਅੰਮ੍ਰਿਤ ਹਰੇਕ ਲਈ 'ਅੰਮ੍ਰਿਤ' ਹੈ। ਭਾਰਤ ਦੇ ਪ੍ਰਸਿਧ ਵਿਅਕਤੀ ਮਹਾਂ ਰਿਸ਼ੀ ਟੈਗੋਰ ਜਦੋਂ ਵੀ ਅੰਮ੍ਰਿਤਸਰ ਆਉਂਦੇ ਤਾਂ ਹਰਿਮੰਦਰ ਸਾਹਿਬ ਹਾਜ਼ਰ ਹੋ ਕੇ ਗੁਰਬਾਣੀ ਦਾ ਕੀਰਤਨ ਸ੍ਰਵਨ ਕਰਦੇ। ਕਿਸੇ ਨੇ ਪੁਛਿਆ ਕਿ ਆਪ ਤਾਂ ਇਹ ਭਾਸ਼ਾ ਸਮਝਦੇ ਨਹੀਂ, ਫਿਰ ਇਸ ਭਾਸ਼ਾ ਵਿਚ ਕੀਰਤਨ ਸੁਣਨ ਦਾ ਕੀ ਗੁਣ ? ਤਾਂ ਆਪ ਦਾ ਇਹ ਜੁਆਬ ਹੁੰਦਾ ਕਿ ਇਹ ਅਨੁਭਵੀ ਪੁਰਸ਼ਾਂ ਦੀ ਉਚਾਰਨ ਕੀਤੀ ਹੋਈ ਅੰਮ੍ਰਿਤ-ਵਾਣੀ ਹੈ, ਜੋ ਬੋਲੀ ਨੂੰ ਸਮਝਣ ਤੋਂ ਬ਼ਗੈਰ ਵੀ ਮਨ ਉਤੇ ਅਧਿਆਤਮਕ ਪ੍ਰਭਾਵ ਪਾਂਦੀ ਹੈ ਤੇ ਸ਼ਾਂਤੀ ਪ੍ਰਦਾਨ ਕਰਦੀ ਹੈ। ਇਸ ਲਈ ਉਹ ਇਕ ਵਿਸ਼ੇਸ਼


www.AKJ.Org

ਮਿਸਾਲ ਦਿਆ ਕਰਦੇ ਸਨ ਕਿ ਜੇ ਕਿਸੇ ਨੂੰ ਸੱਪ ਲੜ ਜਾਏ ਤਾਂ ਉਸ ਨੂੰ ਮਾਂਦਰੀ ਕੋਲ ਲਿਜਾਂਦੇ ਹਨ। ਮਾਂਦਰੀ ਦੇ ਗਾਰੁੜੀ ਮੰਤਰ ਪੜ੍ਹਨ ਤੇ ਸੱਪ-ਡੰਗੇ ਮਨੁੱਖ ਦੀ ਜ਼ਹਿਰ ਉਤਰ ਜਾਂਦੀ ਹੈ, ਭਾਵੇਂ ਉਸ ਨੂੰ ਮਾਂਦਰੀ ਦੁਆਰਾ ਪੜ੍ਹੇ ਜਾ ਰਹੇ ਮੰਤ੍ਰ, ਉਸਦੀ ਭਾਸ਼ਾ ਤੇ ਉਸ ਦੇ ਅਰਥ ਬਾਰੇ ਕੋਈ ਗਿਆਨ ਨਹੀਂ ਹੁੰਦਾ। ਇਹ ਉਦਾਹਰਨ ਗੁਰਬਾਣੀ ਦੇ ਮੰਤ੍ਰ ਰੂਪ ਦੇ ਮਹਾਤਮ ਦੀ ਪ੍ਰੋੜ੍ਹਤਾ ਲਈ ਦਿਤੀ ਗਈ ਹੈ। ਇਸ ਮੰਤ੍ਰ ਰੂਪ ਬਾਣੀ ਨੂੰ ਸੁਰਤੀ ਦੇ ਟਿਕਾ ਵਿਚ ਪੜ੍ਹਨ, ਮੰਨਣ, ਵਿਚਾਰਨ ਅਤੇ ਕਮਾਉਣ ਨਾਲ ਸਮੁੱਚਾ ਜੀਵਨ ਅੰਮ੍ਰਿਤ-ਜੀਵਨ ਹੋ ਨਿਬੜਦਾ ਹੈ।

[ਇਹ ਲੇਖ ਨੁਕਤਾਚੀਨੀ ਦੀ ਭਾਵਨਾ ਅਧੀਨ ਨਹੀਂ ਲਿਖਿਆ ਗਿਆ, ਸਗੋਂ ਸ: ਸੰਤੋਖ ਸਿੰਘ ਜੀ ਦੇ ਲੇਖ ਵਿਚ ਨਿਰੂਪਣ ਕੀਤੇ ਗਏ ਨੁਕਤਿਆਂ ਤੋਂ ਜੋ ਭੁਲੇਖੇ ਪੈਣ ਦੀ ਸੰਭਾਵਨਾ ਹੈ, ਉਨ੍ਹਾਂ ਦਾ ਸਪੱਸ਼ਟੀ-ਕਰਨ ਹੈ।

– ਵਲੋਂ 'ਸੂਰਾ' ਪਰਵਾਰ

—— —

## ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਸ਼ਾਹਪੁਰ ਵਲੋਂ ਭਾਰੀ ਸਮਾਗਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰ-ਗੱਦੀ ਨਸ਼ੀਨੀ ਪੁਰਬ ਸਮੇਂ ਉਪਰੋਕਤ ਅਸਥਾਨ ਤੇ ੩੦ ਅਕਤੂਬਰ ਤੋਂ ੫ ਨਵੰਬਰ ਤਕ ਮਹਾਨ ਸਮਾਗਮ ਵਿਚ ਪੰਥ ਪ੍ਰਸਿਧ ਹਸਤੀਆਂ, ਖੋਜੀ ਵਿਦਸਾਨ, ਗੁਣੀ ਗਿਆਨੀ, ਪਰਸਿਧ ਰਾਗੀ ਜਥੇ, ਅਖੰਡ ਕੀਰਤਨੀ ਜਥੇ ਪੁਜਣਗੇ। ਅੰਮ੍ਰਿਤ ਵੇਲੇ ਦੋ ਵਜੇ ਤੋਂ ਸ਼ਾਮ ਦੇ ਅਠ ਵਜੇ ਤਕ ਨਿਤਨੇਮ, ਸੰਗਤੀ ਗੁਪਤ ਅਭਿਆਸ, ਕੀਰਤਨ, ਹੁਕਮ ਦੀ ਕਥਾ, ਗੁਰਬਾਣੀ ਵਿਚਾਰ ਆਦਿ ਨੀਯਤ ਪ੍ਰੋਗਰਾਮ ਅਨੁਸਾਰ ਹੋਣਗੇ। ਬੁਧਵਾਰ ੫ ਨਵੰਬਰ ਨੂੰ ੩ ਵਜੇ ਅੰਮ੍ਰਿਤ ਵੇਲੇ ਗੁਰਦਵਾਰਾ ਗੋਬਿੰਦ ਨਗਰ ਤੋਂ ਜਲੂਸ ਨਿਕਲ ਕੇ ਭਵਨ ਅਸਥਾਨ ਵਿਖੇ ਪੁਜੇਗਾ। ਪ੍ਰਾਰਥਕ ਸੇਵਾਦਾਰ—ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਟ੍ਰਸਟ, ਜੀ. ਟੀ. ਰੋਡ, ਸ਼ਾਹਪੁਰ (ਅੰਬਾਲਾ)

## ਕਪੂਰਥਲਾ ਵਿਖੇ ਰੈਣ ਸਬਾਈ ਕੀਰਤਨ

ਗੁਰਦਵਾਰਾ ਬਾਵਿਆਂ, ਕਪੂਰਥਲਾ ਵਿਖੇ ੪ ਅਕਤੂਬਰ ੧੯੭੫ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ।

## ਗੁਰਦਵਾਰਾ ਘਲੂਘਾਰਾ ਸਾਹਿਬ ਕਾਨੂੰਵਾਨ ਵਿਖੇ ਰੈਣ ਸਬਾਈ ਕੀਰਤਨ

੧੮ਵੀਂ ਸਦੀ ਦੇ ਸ਼ਹੀਦਾਂ ਦੇ ਅਸਥਾਨ ਤੇ ੪ ਅਕਤੂਬਰ ੧੯੭੫ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ।

## ਗਵਾਲੀਅਰ ਵਿਖੇ ਅਖੰਡਪਾਠ ਤੇ ਰੈਣ-ਸਬਾਈ ਕੀਰਤਨ

ਭਾਈ ਬੂਟਾ ਸਿੰਘ ਅਤੇ ਬੀਬੀ ਪ੍ਰੀਤਮ ਕੌਰ ਜੀ, ੩੯੮/੨ ਗਲੀ ਕੈਂਥ ਵਾਲੀ, ਨਵੀਂ ਸੜਕ, ਗਵਾਲੀਅਰ ਤੋਂ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ ੧੮ ਅਕਤੂਬਰ ੧੯੭੫ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ੧੧ ਵਜੇ ਤਕ ਅਖੰਡ ਕੀਰਤਨ ਹੋਣਗੇ ਅਤੇ ਉਸੇ ਤਰੀਕ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਗੁਰਦੁਆਰਾ ਸਾਹਿਬ ਦਾਤਾ ਬਦੀ ਛੋੜ ਕਿਲ੍ਹਾ ਗਵਾਲੀਅਰ ਵਿਖੇ ਹੋਵੇਗਾ।

## ਦਸੂਹਾ (ਬਾਲਮੀਕੀ ਗਰਾਊਂਡ) ਵਿਖੇ ਭਾਰੀ ਗੁਰਮਤਿ ਸਮਾਗਮ

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਿੰਨ ਸੌ-ਸਾਲਾ ਸ਼ਹੀਦੀ ਯਾਦ ਸਬੰਧੀ ਦਸੂਹਾ ਵਿਖੇ ਭਾਰੀ ਗੁਰਮਤਿ ਸਮਾਗਮ ੭ ਤੋਂ ੯ ਨਵੰਬਰ ਤਕ ਹੋ ਰਹੇ ਹਨ। ਇਸ ਸਮਾਗਮ ਵਿਚ ਕੀਰਤਨ ਦੀ ਸੇਵਾ ਅਖੰਡ ਕੀਰਤਨੀ ਜੱਥੇ, ਅੰਮ੍ਰਿਤ-ਸਿੰਚਾਰ ਦੀ ਸੇਵਾ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜਾ ਵਾਲਿਆਂ ਜੱਥਾ ਅਤੇ ਗੁਰਬਾਣੀ ਦੀ ਕਥਾ ਵਿਆਖਿਆ ਭਾਈ ਕਰਤਾਰ ਸਿੰਘ ਜੀ ਖ਼ਾਲਸਾ (ਮਹਿਤਾ) ਵਾਲੇ ਕਰਨ ਕਰਨਗੇ।

ਪੁਛ ਗਿਛ—ਭਾਈ ਮਹਿੰਦਰ ਸਿੰਘ ਜੀ *S.D.O., Dasuya* ਦਾਸਰੇ ਸੰਗਤ, ਦਸੂਹਾ (ਹੁਸ਼ਿਆਰਪੁਰ)

## ਯਮੁਨਾ ਨਗਰ (ਅੰਬਾਲਾ) ਵਿਖੇ ਕੀਰਤਨ ਰੈਣ ਸਬਾਈ

੨੫ ਅਕਤੂਬਰ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਸੰਤਪੁਰਾ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ।

ਦਾਸਰੇ—ਸਤਵੰਤ ਸਿੰਘ ਜਸਪਾਲ ਸਿੰਘ, ਰੇਲਵੇ ਫਾਟਕ, ਯਮੁਨਾ ਨਗਰ।

www.AKJ.Org

# ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਕੰਘਾ ਤੇ ਉਸ ਵਿਚਲੇ ਕੇਸ਼

[ ਵਲੋਂ—ਗਿ: ਗੁਰਬਚਨ ਸਿੰਘ ਜੀ, ਮੈਨੇਜਰ, ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ]

ਇਤਿਹਾਸਕ ਪ੍ਰਸੰਗ ਵਿੱਚ ਆਉਂਦਾ ਹੈ ਕਿ ਰਾਜਾ ਭੀਮ ਚੰਦ ਦੇ ਲੜਕੇ ਦੀ ਸ਼ਾਦੀ ਸਮੇਂ ਭੰਗਾਣੀ ਦਾ ਯੁੱਧ ਹੋਇਆ ਅਤੇ ਇਸ ਯੁਧ ਵਿਚ ਪੀਰ ਬੁਧੂ ਸ਼ਾਹ ਦੇ ਦੋ ਪੁਤਰ ਤੇ ਕਈ ਮੁਰੀਦ ਸ਼ਹੀਦ ਹੋ ਗਏ।

ਜੰਗ ਦੀ ਸਮਾਪਤੀ ਬਾਅਦ ਪੀਰ ਸਾਹਿਬ ਜਦ ਵਿਦਾਇਗੀ ਲੈਣ ਲਈ ਗਏ, ਤਾਂ ਆਖਦੇ ਹਨ, ਗੁਰੂ ਸਾਹਿਬ ਆਪਣੇ ਕੇਸਾਂ ਨੂੰ ਕੰਘਾ ਕਰ ਰਹੇ ਸਨ। ਪੀਰ ਸਾਹਿਬ ਨੂੰ ਦੇਖਦਿਆਂ ਹੀ ਗੁਰੂ ਸਾਹਿਬ ਮੇਹਰ ਦੇ ਘਰ ਆਏ ਅਤੇ ਆਖਣ ਲਗੇ, ਪੀਰ ਜੀ, ਤੁਹਾਡੀ ਸੇਵਾ ਪਰਵਾਨ ਹੋਈ। ਗੁਰੂ ਕੀਆਂ ਖੁਸ਼ੀਆਂ ਹੋਈਆਂ ਹਨ। ਜੋ ਇਛਾ ਹੈ, ਮੰਗੋ। ਪੀਰ ਸਾਹਿਬ ਬੈਰਾਗ ਵਿਚ ਸਨ। ਆਪ ਨੇ ਸ਼ੁਕਰਾਨੇ ਵਿਚ ਨਿਮਰੀ ਭੂਤ ਹੋ ਕੇ ਅਰਜ਼ ਕੀਤੀ, ਪਾਤਸ਼ਾਹ, ਜੇ ਮਿਹਰ ਵਿਚ ਆਏ ਹੋ ਤਾਂ ਇਹੀ ਭੇਟਾ ਮੈਨੂੰ ਦੋਹਾਂ ਜਹਾਨਾਂ ਲਈ ਕਾਫ਼ੀ ਹੈ। ਤੇ ਉਸਨੇ ਗੁਰੂ ਸਾਹਿਬ ਦੇ ਕੰਘੇ ਵਲ ਇਸ਼ਾਰਾ ਕੀਤਾ ਜਿਸ ਵਿਚ ਗੁਰੂ ਸਾਹਿਬ ਦੇ ਕੁਝ ਨਿਕਲੇ ਹੋਏ ਕੇਸ ਅੜੇ ਹੋਏ ਸਨ। ਗੁਰੂ ਸਾਹਿਬ ਨੇ ਇਕ ਤਲਵਾਰ ਪੀਰ ਸਾਹਿਬ ਦੀ ਭੇਟਾ ਕੀਤੀ ਤੇ ਉਹ ਕੰਘਾ ਵੀ ਸਣੇ ਕੇਸਾਂ ਦੇ ਦਿਤਾ।

ਡਾਕਟਰ ਗੋਪਾਲ ਸਿੰਘ ਜੀ ਐਮ ਏ, ਪੀ.ਐਚ.ਡੀ. ਆਪਣੀ ਪੁਸਤਕ ਗੁਰੂ ਗੋਬਿੰਦ ਸਿੰਘ (ਆਸ਼ਾਵਾਦ ਦਾ ਅਵਤਾਰ) ਵਿਚ ਲਿਖਦੇ ਹਨ ਕਿ ਇਹ ਦੋਵੇਂ ਯਾਦਗਾਰਾਂ ਹੁਣ ਤੀਕ ਨਾਭਾ ਦਰਬਾਰ ਪਾਸ ਸਾਭੀਆਂ ਪਈਆਂ ਹਨ।

ਇਹ ਪੁਸਤਕ ਜੋ ਮੈਂ ਪੜ੍ਹੀ ਹੈ, ੧੯੬੬ ਵਿਚ ਛਾਪੀ ਗਈ ਸੀ। ਅਜ ਇਸ ਗੱਲ ਨੂੰ ਨੌਂ ਬਰਸ ਹੋ ਗਏ ਹਨ। ਰਿਆਸਤਾਂ ਵਿਚ ਬੜੀਆਂ ਅਦਲਾ-ਬਦਲੀਆਂ ਹੋਈਆਂ ਹਨ। ਰਾਜੇ ਮਹਾਰਜਿਆਂ ਦੇ ਜਿਥੇ ਦਰਬਾਰ ਲਗਦੇ ਸਨ, ਉਥੇ ਦਫ਼ਤਰ ਖੁਲ੍ਹੇ ਹੋਏ ਹਨ, ਰਾਖਵੀਆਂ ਵਿਸ਼ੇਸ਼ ਵਸਤੂਆਂ ਦੀ ਸੰਭਾਲ ਕਿਵੇਂ ਹੋ ਰਹੀ ਹੈ? ਕੌਣ ਜ਼ਿਮੇਵਾਰ ਹੈ, ਐਸੀਆਂ ਅਦੁਤੀ ਵਸਤੂਆਂ ਦਾ? ਇਹ ਸਾਰੇ ਪ੍ਰਸ਼ਨ ਧੜਕਦੇ ਦਿਲਾਂ ਵਿਚੋਂ ਉਠ ਰਹੇ ਹਨ, ਕਿਉਂਕਿ ਮੈਨੂੰ ਇਹ ਦੇਖ ਕੇ ਦੁਖ ਤੇ ਹੈਰਾਨੀ ਹੋਈ, ਜਦ ਮੈਂ ਫ਼ਰੀਦਕੋਟ ਕਿਲ੍ਹੇ ਮੁਬਾਰਕ ਵਿਚ ਗਿਆ। ਉਸ ਦਫਤਰ ਵਿਚੋਂ, ਜਿਥੋਂ ਅਸਾਂ ਪਟਨੇ ਸਾਹਿਬ ਕਣਕ ਲੈ ਜਾਣ ਲਈ ਇਨਸ-ਪੈਕਟਰ ਰਾਹੀਂ ਪਰਮਿਟ ਲੈਣਾ ਸੀ। ਮੈਂ ਦੇਖਿਆ ਕਿ ਮਹਾਰਾਜਾ ਸਾਹਿਬ ਫ਼ਰੀਦਕੋਟ, ਜੋ ਧਾਰਮਕ ਭਾਵਾਂ ਵਿਚ ਬਹੁਤ ਪ੍ਰਪਕ ਸਨ, ਅਰ ਜਿਨ੍ਹਾਂ ਦੇ ਮਹੱਲਾਂ ਵਿਚ ਸਿਗਰਟ ਦਾ ਧੂੰਆਂ ਸੁਪਨੇ ਵਿੱਚ ਨਹੀਂ ਸੀ ਆ ਸਕਦਾ, ਜ਼ਿਮੇਵਾਰ ਕਰਮਚਾਰੀ ਤੇ ਅਫ਼ਸਰ ਸਿਗਰਟਾਂ ਦੇ ਘੁਟ ਭਰ ਭਰ ਉਤਾਂਹ ਨੂੰ ਸੁਟ ਰਹੇ ਸਨ। ਇਹ ਦੇਖ ਕੇ ਮੈਂ ਉਨ੍ਹਾਂ ਨੂੰ ਰੋਕਿਆ ਭੀ, ਪਰ ਇਹ ਕਦ ਤਕ?

ਇਸ ਤੋਂ ਮਨ ਨੂੰ ਬੜੇ ਸੰਸੇ ਉਪਜਦੇ ਹਨ ਕਿ ਸਿਖ ਰਿਆਸਤਾਂ ਵਿਚ ਬੜੀ ਮੇਹਨਤ ਨਾਲ ਰਖੀਆਂ ਅਮੋਲ ਵਸਤੂਆਂ ਦਾ ਕੀ ਹਾਲ ਹੋਵੇਗਾ? ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਆਰ ਵਿਚ ਆਏ ਭਾਈ ਨੰਦ ਲਾਲ ਨੇ ਆਖਿਆ ਸੀ—"ਹਰ ਦੋ ਆਲਮ ਕੀਮਤੇ ਯਕ ਤਾਰ ਮੂਏ ਯਾਰ ਮਾ" ਅਰਥਾਤ ਮੈਂ ਆਪਣੇ ਗੁਰੂ ਦੇ ਇਕ ਕੇਸ (ਵਾਲ) ਤੋਂ ਦੋਨੋ, ਜਹਾਨ ਕੁਰਬਾਨ ਕਰਦਾ ਹਾਂ।

ਨਾਭੇ ਵਿਚ ਪਏ ਪਵਿਤਰ ਕੇਸ਼ ਤੇ ਕੰਘਾ ਉਥੇ ਹੈ ਤਾਂ ਮੇਰੀ ਰਾਏ ਵਿਚ ਉਹ ਸਤਿਕਾਰ ਸਹਿਤ ਸ੍ਰੀ ਅੰਮ੍ਰਿਤਸਰ, ਦਰਬਾਰ ਸਾਹਿਬ ਦੇ ਅਜਾਇਬ ਘਰ ਵਿਚ ਲੈ ਆਉਣਾ ਜ਼ਰੂਰੀ ਹੈ। ਹੁਣ ਨਾਭੇ ਵਿਚ ਉਸ ਅਮੋਲ ਵਸਤੂ ਦਾ ਅਦਬ ਇਤਨਾ ਨਹੀਂ ਰਿਹਾ ਜਿਤਨਾ ਮਹਾਰਾਜਿਆਂ ਦੀ ਸਤਿਕਾਰ ਦੀ ਨਿਗਾਹ ਵਿਚ ਸੀ। ਪੰਥ ਦੇ ਜ਼ਿੰਮੇਵਾਰ ਸੱਜਣ ਇਸ ਪਾਸੇ ਉਚੇਚਾ ਧਿਆਨ ਦੇਣ।

# ਮਲੇਰ ਕੋਟਲਾ ਵਿਖੇ ਮਾਸਕ ਰੈਣ-ਸਬਾਈ ਕੀਰਤਨ

ਸ੍ਰੀ ਮਾਨ ਮਾ: ਜੋਗਿੰਦਰ ਸਿੰਘ ਜੀ ਬੜੂੰਦੀ ਵਾਲਿਆਂ ਦੀ ਚਲਾਈ ਹੋਈ ਮਾਸਕ ਰੈਣ-ਸਬਾਈ ਕੀਰਤਨਾਂ ਦੀ ਲੜੀ ਅਨੁਸਾਰ ੨੫ ਅਕਤੂਬਰ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਸਾਹਿਬ ਗੁਰੂ ਨਾਨਕ ਦਰਬਾਰ, ਮਲੇਰ ਕੋਟਲਾ ਵਿਖੇ ਐਸ. ਡੀ. ਐਮ. ਦੀ ਕਚਹਿਰੀ ਦੇ ਸਾਹਮਣੇ ਪ੍ਰੋਗਰਾਮ ਹੋ ਰਹੇ ਹਨ। ਸੰਗਤਾਂ ਪੁਜ ਕੇ ਲਾਹੇ ਪ੍ਰਾਪਤ ਕਰਨ।

www.AKJ.org

# "ਸਿੱਖੀ ਸਿਦਕ" ਦੀ ਅਨੂਪਮ ਮਿਸਾਲ

ਅਮਰੀਕਨ ਸਿੱਖਾਂ ਦੇ ਮੁਖੀ ਭਾਈ ਦਿਆਲ ਸਿੰਘ ਜੀ, ਅਕਾਲ ਚਲਾਣਾ ਕਰ ਗਏ ਹਨ। ਆਪ ਸਿੱਖ ਧਰਮ ਬ੍ਰਦਰ-ਹੁੱਡ ਤੇ ਗੁਰੂ ਰਾਮਦਾਸ ਆਸ਼ਰਮ ਦੇ ਹੈਡ ਗ੍ਰੰਥੀ ਸਨ। ਆਪ ਦਾ ਪਿਤਾ ਮਿਸਟਰ ਸਿਕਲਰ ਅਮਰੀਕਾ ਦਾ ਕਰੋੜਾਂਪਤੀ ਕਪੜੇ ਦਾ ਵਪਾਰੀ ਹੈ। ਪੁੱਤਰ ਦੇ ਸਿੱਖ ਸਜਣ ਨਾਲ ਉਹ ਬਹੁਤ ਨਰਾਜ਼ ਹੋਇਆ ਅਤੇ ਪੁੱਤਰ ਨੂੰ ਆਖਿਆ ਕਿ ਜੇ ਤੂੰ ਕੇਸ ਦਾੜ੍ਹਾ ਕਟਾ ਦੇਵੇਂ ਤਾਂ ਆਪਣੀ ਸਾਰੀ ਦੌਲਤ ਤੇਰੇ ਨਾਂ ਲਵਾ ਦਿੰਦਾ ਹਾਂ। ਭਾਈ ਦਿਆਲ ਸਿੰਘ ਨੇ ਉੱਤਰ ਦਿਤਾ ਕਿ ਇਹ ਕੇਸ ਦਾੜ੍ਹਾ ਦਸਮੇਸ਼ ਪਿਤਾ ਦੀ ਬਖਸ਼ੀ ਹੋਈ ਮੋਹਰ ਹੈ, ਮੈਂ ਇਹ ਬੇਅਦਬੀ ਕਦਾਚਿਤ ਨਹੀਂ ਹੋਣ ਦਿਆਂਗਾ। ਆਪਣੀ ਦੌਲਤ ਤਾਂ ਕੀ, ਜੇ ਸਾਰੀ ਅਮਰੀਕਾ ਦੀ ਦੌਲਤ ਵੀ ਦੇ ਦਿਤੀ ਜਾਵੇ ਤਾਂ ਵੀ ਗੁਰਸਿਖੀ ਦੇ ਬਦਲੇ ਉਸਨੂੰ ਪਰਵਾਨ ਨਹੀਂ ਕਰਾਂਗਾ।

ਭਾਈ ਸਾਹਿਬ ਅਜੇ ਕੇਵਲ ੨੧ ਸਾਲਾਂ ਦੇ ਸੁੰਦਰ ਤੇ ਪਤਲੇ ਸਰੀਰ ਦੇ ਮਿਠਬੋਲੜੇ ਨੌਜੁਆਨ ਸਨ। ਜਿਥੇ ਆਪ ਬੀ. ਏ. ਫਾਈਨਲ ਪ੍ਰੀਖਿਆ ਦੀ ਤਿਆਰੀ ਕਰ ਰਹੇ ਸਨ ਉਥੇ ਹੈਡ ਗ੍ਰੰਥੀ ਦੀ ਸੇਵਾ ਬੜੇ ਚਾਅ, ਨਿਸ਼ਕਾਮਤਾ ਤੇ ਚੜ੍ਹਦੀਆਂ ਕਲਾਂ ਵਿਚ ਨਿਭਾ ਰਹੇ ਸਨ। ਆਪ ਪੂਰੀ ਰਹਿਤ ਦੇ ਧਾਰਨੀ ਸਨ। ਪੰਜ ਬਾਣੀਆਂ ਆਪ ਨੇ ਕੰਠ ਕਰ ਲਈਆਂ ਸਨ ਅਤੇ ਅਮਰੀਕਨ ਸਜੇ ਸਿੰਘਾਂ ਨੂੰ ਪੰਜਾਬੀ ਸਿਖਾਉਂਦੇ ਤੇ ਤੇ ਨਿਤਨੇਮ ਯਾਦ ਕਰਾਂਦੇ ਰਹਿੰਦੇ ਸਨ।

ਆਪਨੇ ੧੯੭੩ 'ਚ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ ਅਤੇ ਉਸ ਵੇਲੇ ਸਵੇਰੇ ਸ਼ਾਮ ਹਰਿਮੰਦਰ ਸਾਹਿਬ ਕੀਰਤਨ ਸ੍ਰਵਣ ਕਰਨਾ ਅਤੇ ਬਾਕੀ ਦਿਨ ਦਾ ਬਹੁਤਾ ਸਮਾਂ ਸਰੋਵਰ ਦੀ ਚਲ ਰਹੀ ਕਾਰ-ਸੇਵਾ ਵਿਚ ਜੁੱਟੇ ਰਹਿਣਾ।

ਆਪ ਨੂੰ ਦੁਬਾਰਾ ਅੰਮ੍ਰਿਤ ਸਰੋਵਰ ਤੇ ਹਰਿਮੰਦਰ ਦੇ ਦਰਸ਼ਨ ਇਸ਼ਨਾਨ ਦਾ ਚਾਅ ਬੇਅੰਤ ਸੀ। ੨੬ ਸਤੰਬਰ ਨੂੰ ਆਪ ਨੇ ਆਪਣੇ ਸਾਥੀਆਂ ਸਮੇਤ ੪੦ ਦਿਨਾਂ ਦੀ ਸੇਵਾ ਕਰਨ ਲਈ ਸ੍ਰੀ ਅੰਮ੍ਰਿਤਸਰ ਪੁਜਣਾ ਸੀ ਕਿ ਨਿਊਯਾਰਕ ਦੇ ਰਸਤੇ ਵਿਚ ਕਾਰ ਦਾ ਐਕਸੀਡੈਂਟ ਹੋ ਗਿਆ। ਜਦ ਉਹ ਕਾਰ ਵਿਚੋਂ ਡਿਗੇ ਤਾਂ ਮੂੰਹੋਂ "ਵਾਹਿਗੁਰੂ" ਸ਼ਬਦ ਹੀ ਨਿਕਲਿਆ ਤੇ ਉਹ ਅਕਾਲ ਚਲਾਣਾ ਕਰ ਗਿਆ। ਉਨ੍ਹਾਂ ਦੀ ਪਹਿਲਾਂ ਦੀ ਪ੍ਰਗਟਾਈ ਹੋਈ ਇੱਛਾ ਅਨੁਸਾਰ ੨੭ ਸਤੰਬਰ ਨੂੰ ਅਸਤੀਆਂ ਦਿੱਲੀ ਪੁਜੀਆਂ ਅਤੇ ਸ੍ਰੀ ਅੰਮ੍ਰਿਤਸਰ ਤੋਂ ਹੋ ਕੇ ਕੀਰਤਪੁਰ ਦਰਿਆ ਵਿਚ ਜਲ-ਪਰਵਾਹ ਕੀਤੀਆਂ ਜਾਣੀਆਂ ਹਨ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

ਆਪ ਦਾ ਸਿਖੀ ਪਿਆਰ ਤੇ ਸਿਖੀ ਸਿਦਕ ਆਪਣੀ ਮਿਸਾਲ ਆਪ ਹੈ। ਸਿਖ ਨੌਜਵਾਨਾਂ ਨੂੰ ਇਸ ਤੋਂ ਸਿਖਿਆ ਲੈਣੀ ਚਾਹੀਦੀ ਹੈ।

---

# ਫ਼ੌਜੀ ਸਿੱਖਾਂ ਲਈ ਪ੍ਰਣ-ਪੱਤਰ

ਇਹ ਜਾਣ ਕੇ ਪ੍ਰਸੰਨਤਾ ਹੋਈ ਹੈ ਕਿ ਭਾਰਤ ਸਰਕਾਰ ਨੇ ਸਾਰੇ ਭਰਤੀ ਦਫ਼ਤਰਾਂ ਨੂੰ ਇਕ ਸਰਕੂਲਰ ਰਾਹੀਂ ਸੂਚਿਤ ਕੀਤਾ ਹੈ ਕਿ ਭਰਤੀ ਹੋਣ ਵਾਲੇ ਹਰੇਕ ਸਿਖ ਨੌਜਵਾਨ ਤੋਂ ਇਹ ਪ੍ਰਣ-ਪੱਤਰ ਭਰਵਾਇਆ ਜਾਵੇ ਕਿ ਮੈਂ ਸਿਖ ਹਾਂ ਅਤੇ ਪ੍ਰਣ ਕਰਦਾ ਹਾਂ ਕਿ ਭਰਤੀ ਹੋਣ ਪਿਛੋਂ ਸਿਖੀ ਨਿਯਮਾਂ ਅਨੁਸਾਰ ਕੇਸ, ਦਾੜ੍ਹੀ ਤੇ ਮੁੱਛਾਂ ਦੀ ਪੂਰੀ ਤਰ੍ਹਾਂ ਸੰਭਾਲ ਕਰਾਂਗਾ। ਇਸ ਪ੍ਰਣ-ਪੱਤਰ ਵਿਚ ਹਰੇਕ ਸਿਖ ਕੋਲੋਂ ਲਿਖਵਾਇਆ ਜਾਵੇਗਾ ਕਿ ਜੇ ਮੈਂ ਇਸ ਪ੍ਰਣ ਨੂੰ ਨਿਭਾਣ ਵਿਚ ਕਿਸੇ ਤਰ੍ਹਾਂ ਵੀ ਅਸਫਲ ਰਹਾਂ ਤਾਂ ਮੈਂ ਡਿਸਪਲਨਰੀ ਕਾਰਵਾਈ ਤੇ ਹੁਕਮ ਦੀ ਉਲੰਘਣਾ ਦਾ ਦੋਸ਼ੀ ਹੋਵਾਂਗਾ।

---

# ਦਸੂਹੇ ਬਾਲਮੀਕੀ ਗ੍ਰਾਊਂਡ ਦੀ ਬ੍ਰਾਂਚ: ਪ੍ਰਾਇਮਰੀ ਸਕੂਲ ਵਿਚ ਪ੍ਰੋਗਰਾਮ



www.AKJ.Org

# 'ਸੂਰਾ' ਦੇ ਨਵੇਂ ਅਮਾਨਤੀ ਲਾਈਫ ਮੈਂਬਰ

ਪਿਛਲੇ ਮਹੀਨੇ ਦਿਤੀ ਗਈ ਸਕੀਮ ਅਨੁਸਾਰ ਦਸ ਅਮਾਨਤੀ ਲਾਈਫ ਮੈਂਬਰਾਂ ਦੇ ਨਾਂ ਸਤੰਬਰ ਪਰਚੇ ਵਿਚ ਦਿਤੇ ਗਏ ਸਨ। ਇਸ ਮਹੀਨੇ ਜੋ ਨਵੇਂ ਮੈਂਬਰ ਬਣੇ ਹਨ ਉਨ੍ਹਾਂ ਦੇ ਸੋ ਸੋ ਰੁਪਏ ਪੰਜਾਬ ਸਿੰਧ ਬੈਂਕ, ਹਾਲ ਬਜ਼ਾਰ, ਅੰਮ੍ਰਿਤਸਰ ਵਿਚ ਜਮ੍ਹਾ ਕਰਾ ਕੇ, ਪਾਠਕਾਂ ਦੇ ਨਾਂ ਦੀਆਂ ਐਫ. ਡੀਆਂ ਬਣਵਾ ਦਿਤੀਆਂ ਗਈਆਂ ਹਨ, ਜਿਨ੍ਹਾਂ ਦੇ ਨਾਂ ਤੇ ਐਫ. ਡੀ. ਨੰਬਰ ਇਉਂ ਹਨ—

| | | | | |
|---|---|---|---|---|
| ੧੧. ਸ: ਹੁਕਮ ਸਿੰਘ ਜੀ ਡਰੋਲੀ | (ਚਿਟ ਨੰ: ੨੩੩) | ਐਫ. ਡੀ. ਨੰ: | ੩੯੯੦੮੯।੧੨੮੯/੭੫ | ਮਿਤੀ ੪-੧੦-੭੫ |
| ੧੨. ਸ: ਹਰਭਜਨ ਸਿੰਘ ਜੀ | ( " ੪੧੧) | " " | ੨੨੪੩੭੯/੧੩੭੮/੭੫ | ਮਿਤੀ ੨੬-੧੦-੭੫ |
| ੧੩. ਸ: ਹਰਚੰਦ ਸਿੰਘ ਜੀ | ( " ੯੬੪) | " " | ੨੨੪੩੮੦/੧੩੭੯/੭੫ | " |
| ੧੪. ਸ: ਸੁਰਿੰਦਰ ਸਿੰਘ ਜੀ | ( " ੧੫੬) | " " | ੨੨੪੩੮੧/੧੩੮੦/੭੫ | " |
| ੧੫. ਸ: ਸੁੰਦਰ ਸਿੰਘ ਜੀ ਅਨੰਦ | ( " ੧੧੮੭) | " " | ੨੨੪੩੮੨/੧੩੮੧/੭੫ | " |
| ੧੬. ਸ: ਗੁਰਲਾਲ ਸਿੰਘ ਜੀ | ( " ੨੧੮) | " " | ੨੨੪੩੮੩/੧੩੮੨/੭੫ | " |

੧੭ ਤੋਂ ੨੧ ਨੰਬਰ ਤਕ ਪੰਜ ਐਫ. ਡੀਆਂ ਦੀ ਰਕਮ ਪ੍ਰਧਾਨ, ਗੁਰਦੁਆਰਾ ਸਾਹਿਬ ਹਾਸ਼ੀਮਾਰਾ ਜਲਪਾਈ ਗੁਰੀ ਪੂਰਬੀ ਬੰਗਾਲ ਵਲੋਂ ਚੈਕ ਰਾਹੀਂ ਪੁਜੀ ਹੋਈ ਹੈ। ਚੈਕ ਕੈਸ਼ ਹੋਣ ਸਾਰ ਇਹ ਪੰਜ ਐਫ. ਡੀਆਂ ਵੀ ਬਣਵਾ ਦਿਤੀਆਂ ਜਾਣਗੀਆਂ।

ਇਸ ਸਕੀਮ ਅਨੁਸਾਰ ਇਕ ਸੌ ਰੁਪਏ ਕੇਵਲ ਪਾਠਕ ਵਲੋਂ ਪੁਜਣ ਤੇ ਉਸ ਦੇ ਨਾਂ ਦੀ ਬੈਂਕ ਵਿਚ ਐਫ. ਡੀ. ਬਣਵਾ ਦਿਤੀ ਜਾਂਦੀ ਹੈ। ਰਕਮ ਪਾਠਕ ਦੀ ਰਹੇਗੀ ਅਤੇ ਸੂਦ ਚੰਦੇ ਵਜੋਂ 'ਸੂਰਾ' ਨੂੰ ਹਰ ਸਾਲ ਮਿਲਦਾ ਰਹੇਗਾ। ਇਹ ਅਮਾਨਤੀ ਰਕਮ ਜਦੋਂ ਪਾਠਕ ਚਾਹੇ, ਵਾਪਸ ਲੈ ਸਕਦਾ ਹੈ। ਪੰਜ ਸਾਲ ਤੋਂ ਪਹਿਲਾਂ ਕੁਝ ਕਟੌਤੀ ਹੋ ਜਾਂਦੀ ਹੈ। ਇਕ ਸੌ ਰੁਪਏ ਮਨੀਆਰਡਰ ਜਾਂ ਬੈਂਕ ਡਰਾਫਟ ਰਾਹੀਂ ਭੇਜੋ। ਚੈਕ ਦੀ ਸੂਰਤ ਵਿਚ ਤਿੰਨ ਰੁਪਏ ਵਧ

ਮੈਨੇਜਰ, ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

---

**ਮਾਤਾ ਪਿਤਾ ਦੀ ਯਾਦ ਵਿਚ**—ਲਾਲਾ ਹੇਮ ਰਾਜ ਤੇ ਮਾਤਾ ਗੰਗਾ ਦੇਵੀ ਦੀ ਯਾਦ ਵਿਚ ੧੫ ਨੰਬਰ ਐਫ. ਡੀ. ਦੀ ਮਲਕੀਅਤ ਸ: ਸੁੰਦਰ ਸਿੰਘ ਜੀ ਅਨੰਦ ਨੇ ਆਪਣੇ ਪਿਛੋਂ 'ਸੂਰਾ' ਨੂੰ ਭੇਟ ਕਰ ਦਿਤੀ ਹੈ।

---

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਅੰਮ੍ਰਿਤ ਕੀ ਹੈ | ੨-੦੦ | ਗੁਰਮਤਿ ਰਮਜ਼ਾਂ | ੧-੩੦ |
| ਰੰਗਲੇ ਸਜਣ | ੩-੫੦ | ਗੁਰਮਤਿ ਸਚ ਨਿਰਣੇ | ੬-੦੦ |
| ਦਰਸ਼ਨ ਝਲਕਾਂ | ੨-੫੦ | ਅਨਹਦ ਸ਼ਬਦ ਦਸਮ ਦੁਆਰ | ੩-੫੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੇ | ੩-੦੦ | ਗੁਰਮਤਿ ਗੌਰਵਤਾ | ੭-੦੦ |

ਭਾਈ ਸਾਹਿਬ ਲਿਖਤ ਹੋਰ ਪੁਸਤਕਾਂ ਜਿਉਂ ਜਿਉਂ ਛਪਣਗੀਆਂ, ਪਾਠਕਾਂ ਨੂੰ ਇਤਲਾਹ ਦਿੰਦੇ ਜਾਵਾਂਗੇ।

ਪੁਸਤਕਾਂ ਮੰਗਾਉਣ ਦਾ ਪਤਾ :—

ਭਾਈ ਸਾਹਿਬ ਰਣਧੀਰ ਸਿੰਘ ਪਬਲਿ[illegible] ਹਾਊਸ, 126-ਮਾਡਲ ਟਾਊਨ, ਲੁਧਿਆਣਾ

(ਜਾਂ) 'ਸੂਰਾ' ਮਾਸਕ ਪੱਤਰ, ਬਜ਼[illegible]ੀ ਸੇ[illegible] ਕੂਚਾ ਚਤਰ ਸਿੰਘ, ਅੰਮ੍ਰਿਤਸਰ।

www.AKJ.Org

# ਦਿੱਲੀ ਵਿਖੇ ਸਾਲਾਨਾ ਕੀਰਤਨ ਸਮਾਗਮ

## ੧੧ ਅਕਤੂਬਰ ਸ਼ਨੀਵਾਰ ਸਵੇਰ ਤੋਂ ੧੪ ਅਕਤੂਬਰ ਮੰਗਲਵਾਰ ਸਵੇਰ ਤਕ

ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਸਦਾ ਵਾਂਗ ਸਤਿਗੁਰੂ ਸਚੇ ਪਾਤਸ਼ਾਹ ਜੀ ਦੀ ਮਿਹਰ ਦਾ ਸਦਕਾ ਗੁਰਪੁਰ ਵਾਸੀ ਪੰਥ ਰਤਨ ਸ੍ਰੀ ਮਾਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਕੀਰਤਨੀ ਜਥੇ ੧੦ ਅਕਤੂਬਰ ੧੯੭੫ ਸ਼ੁਕਰਵਾਰ ਨੂੰ ਦਿਲੀ ਪੁਜ ਰਹੇ ਹਨ ਤੇ ਦਿਲੀ ਵਿਚ ੧੧-੧੦-੭੫ ਤੋਂ ੧੪-੧੦-੭੫ ਸਵੇਰ ਤਕ ਸਮਾਗਮ ਹੋਣਗੇ । ਆਪ ਜੀ ਸਹਿਤ ਪਰਵਾਰ ਇਸ ਸਮਾਗਮ ਤੇ ਦਰਸ਼ਨ ਦੇ ਕੇ ਜਨਮ ਸਫਲਾ ਕਰੋ ਜੀ ।

### ਅਖੰਡ ਕੀਰਤਨ ਪ੍ਰੋਗਰਾਮ

ਕੀਰਤਨ ਆਸਾ ਦੀ ਵਾਰ (ਅਰੰਭ ਸਵੇਰੇ ੫ ਵਜੇ)

੧੧-੧੦-੭੫ ਸ਼ਨੀਵਾਰ ਗੁਰਦਵਾਰਾ ਸੀਸ ਗੰਜ ਸਾਹਿਬ, ਦਿਲੀ

੧੨-੧੦-੭੫ ਐਤਵਾਰ ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ

੧੩-੧੦-੭੫ ਸੋਮਵਾਰ ਗੁਰਦਵਾਰਾ ਬੰਗਲਾ ਸਾਹਿਬ, ਨਵੀਂ ਦਿਲੀ

ਸ਼ਾਮ—ਪਾਠ ਰਹਿਰਾਸ ਸਾਹਿਬ ਤੇ ਕੀਰਤਨ

੧੧-੧੦-੭੫ ਸ਼ਨੀਵਾਰ ਗੁ: ਰਕਾਬ ਗੰਜਸਾਹਿਬ, ਨਵੀਂ ਦਿਲੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਤਾਬਦੀ ਦੇ ਸਬੰਧ ਵਿਚ ਦਸਵਾਂ ਕੀਰਤਨ ਦਰਬਾਰ ।

੧੨-੧੦-੭੫ ਐਤਵਾਰ ਗੁਰਦਵਾਰਾ ਬੰਗਲਾ ਸਾਹਿਬ (੭ ਤੋਂ ੯ ਵਜੇ ਤਕ)

੧੩-੧੦-੭੫ ਸੋਮਵਾਰ ਰਾਤ ੮ ਵਜੇ ਤੋਂ ਮੰਗਲਵਾਰ ਸਵੇਰ ੬ ਵਜੇ ਤਕ ਕੀਰਤਨ ਰੈਣ-ਸਬਾਈ ਗੁਰਦਵਾਰਾ ਰਕਾਬਗੰਜ ਸਾਹਿਬ, ਨਵੀਂ ਦਿਲੀ ।

**ਅੰਮ੍ਰਿਤ-ਸਿੰਚਾਰ**--੧੩ ਸੋਮਵਾਰ ਦਿਨ ਦੇ ਦੋ ਵਜੇ, ਗੁਰਦਵਰਾ ਰਕਾਬਗੰਜ ।

ਨੋਟ :—੧. ਪੁਛ ਗਿਛ ਲਈ-ਨੰ: ੨/੮, ਬੀ ਬਲਾਕ, ਪੇਸ਼ਵਾ ਰੋਡ (ਗੋਲ ਮਾਰਕੀਟ), ਨਵੀਂ ਦਿਲੀ।
੨. ਬਾਹਰੋਂ ਆਉਣ ਵਾਲੀਆਂ ਸੰਗਤਾਂ ਬਿਸਤਰੇ ਜ਼ਰੂਰ ਲਿਆਉਣ ਦੀ ਕ੍ਰਿਪਾਲਤਾ ਕਰਨ ।
੩. ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ ਅਹਿਮਸਾ ਭਵਨ, ਸ਼ੰਕਰ ਰੋਡ (ਇਲੈਕਟ੍ਰਿਕ ਸਬ-ਸਟੇਸ਼ਨ ਦੇ ਲਾਗੇ) ਨੀਊ ਰਾਜਿੰਦਰ ਨਗਰ ਲਾਗੇ, ਨਵੀਂ ਦਿਲੀ ਵਿਖੇ ਹੋਵੇਗਾ ।

ਦਾਸਰੇ—ਅਖੰਡ ਕੀਰਤਨੀ ਜੱਥਾ, ਦਿਲੀ

## ਰਿਸ਼ਤੇ ਨਾਤੇ

ਵਰ ਦੀ ਲੋੜ—ਕੈਨੇਡਾ ਦੀ ਸ਼ਹਿਰੀ ੧੮ ਸਾਲ ਦੀ ਅੰਮ੍ਰਿਤਧਾਰੀ ਲੜਕੀ, ਜੋ ਡਾਕਟਰੀ ਵਿਦਿਆ ਪ੍ਰਾਪਤ ਕਰੇਗੀ' ਵਾਸਤੇ ਅੰਮ੍ਰਿਤਧਾਰੀ ਸਿਖ ਐਮ. ਬੀ. ਬੀ. ਐਸ. ਪਾਸ ਜਾਂ ਵਿਦਿਆਰਥੀ, ਵਰ ਦੀ ਲੋੜ ਹੈ । ਇੰਜੀਨੀਅਰ ਜਾਂ ਪੀ. ਐਚ. ਡੀ. ਸਜਨ ਭੀ ਲਿਖ ਸਕਦੇ ਹਨ ।ਪੂਰੀ ਜਾਣਕਾਰੀ (ਸਮੇਤ ਫ਼ੋਟੋ) ਇਸ ਪਤੇ ਤੇ ਭੇਜੋ :

Professor Singh, Mathematics, Laurentian University, Sudbury, Ontario, Canada.

ਫ਼ਾਰਮ ਨੰਬਰ ੭--ਇਕ ਅੰਮ੍ਰਿਤਧਾਰੀ, ਕੇਸਕੀ ਰਹਿਤ ੧੮ ਸਾਲਾ ਕੀਰਤਨੀ ਬੀਬੀ, ਮੈਟਰਿਕ ਪਾਸ, ਕਦ ਸਵਾ ਪੰਜ ਫੁਟ. ਪੰਜ ਬਾਣੀਆਂ ਦੀ ਨਿਤਨੇ[illegible] ਲਈ [illegible]ਮੁਖ ਸ਼ਾਕਾਹਾਰੀ ਵਰ ਦੀ ਲੋੜ ਹੈ ।

www.AKJ.Org